ਹਾਲਤ ਇਹ ਹੈ ਕਿ ਫਰੀਦਾਬਾਦ ਦੀ ਮਾਰੂਤੀ ਸੁਜ਼ੂਕੀ ਕੰਪਨੀ ਦੇ ਮੈਨੇਜਰ ਨੇ ਜਦ ਮਾਲਕਾਂ ਦਾ ਹੁਕਮ ਮੰਨ ਕੇ ਵਰਕਰਾਂ ਨੂੰ ਕੰਮ ਪੂਰਾ ਕਰਨ ਲਈ ਕਿਹਾ ਤਾਂ ਵਰਕਰਾਂ ਨੇ ਦਫ਼ਤਰ ਵਿੱਚ ਬੰਦ ਕਰ ਕੇ ਜਿੰਦਾ ਸਾੜ ਦਿੱਤਾ ਅਤੇ ਇਨਸਾਨੀਅਤ ਦੇ ਅਖੌਤੀ ਰਾਖਿਆਂ ਨੇ ਹਰਾਮਖੋਰ ਵਰਕਰਾਂ ਦਾ ਹੱਕ ਪੂਰਿਆ।

ਜਿਸ ਤਰਾਂ ਮਨੂ ਸਿਮਰਤੀ ਕਹਿੰਦੀ ਹੈ ਕਿ ਬ੍ਰਾਹਮਣ ਸਰਬ ਉੱਚ ਹੈ ਅਤੇ ਕੋਈ ਗਲਤੀ ਨਹੀਂ ਕਰਦਾ।ਜੇ ਬ੍ਰਾਹਮਣ ਚੋਰੀ ਕਰਦਾ ਹੈ ਤਾਂ ਉਸ ਵਿੱਚ ਕਸੂਰ ਰਾਜੇ ਦਾ ਹੈ ਜਿਸ ਨੇ ਉਸ ਦੀ ਆਮਦਨ ਦਾ ਖਿਆਲ ਨਹੀਂ ਕੀਤਾ ਅਤੇ ਉਸ ਨੂੰ ਮਜਬੂਰ ਹੋ ਕੇ ਚੋਰੀ ਕਰਨੀ ਪਈ। ਭਗਤ ਸਿੰਘ ਦੀ ਸੋਚ ਕਹਿੰਦੀ ਹੈ ਜਿੰਨੇ ਅਸਮਾਜਿਕ ਗ਼ਲਤ ਕੰਮ ਹੋ ਰਹੇ ਹਨ ਸਭ ਦੇ ਜ਼ੁੰਮੇਵਾਰ ਧਾਰਮਿਕ ਲੋਕ ਹਨ ਅਤੇ ਧਾਰਮਿਕ ਅਸਥਾਨ ਬਦਮਾਸ਼ੀ ਦੇ ਅੱਡੇ ਹਨ।

ਕਿਸਾਨ ਮੋਰਚੇ ਵੇਲੇ ਉਗਰਾਹਾਂ ਦੇ ਇਕੱਠ ਵਿੱਚ ਲੰਗਰ ਚੱਲਣ ਨਾਲ ਕਾਮਯਾਬ ਹੋਏ।ਇਹ ਲੰਗਰ ਪ੍ਰਥਾ ਕਿਹੜੇ ਨਾਸਤਿਕ ਦੇਸ਼ ਨੇ ਚਲਾਈ,ਮਾਰਕਸ,ਮਾਓ ਜਾਂ ਲੈਨਿਨ ਨੇ ਚਲਾਈ?ਇਹ ਪ੍ਰਥਾ ਸਾਰੇ ਸੰਸਾਰ ਵਿੱਚ ਗੁਰੂ ਸਾਹਿਬਾਨ ਨੇ ਚਲਾਈ। ਉਗਰਾਹਾਂ ਦੇ ਮੋਰਚੇ ਵਿਚ ਤਕਰੀਬਨ ਦੋ ਤਿਹਾਈ ਵਲੰਟੀਅਰ ਮਾਈ ਭਾਈ ਅੰਮ੍ਰਿਤ ਧਾਰੀ ਸਨ ਜੋ ਖਾਲਸਾਈ ਜੈਕਾਰੇ ਗੁਰੂ ਦੀ ਬਖਸ਼ਿਸ਼ ਮੰਨਦੇ ਹਨ।ਪਰ ਅਫਸੋਸ ਕਿ ਅਕ੍ਰਿਤਘਣ ਹਰਾਮਖੋਰ ਉਗਰਾਹਾਂ ਨੂੰ ਇਸ ਜੈਕਾਰੇ ਵਿੱਚੋਂ ਧਾਰਮਿਕ ਕੱਟੜਵਾਦ ਦੀ ਬੂ ਆਉਂਦੀ ਹੈ।ਲੱਖ ਲਾਹਨਤ ਅਤੇ ਧਿਰਕਾਰ ਹੈ ਐਸੀ ਸੋਚ ਤੇ।ਇਹ ਕਿਹੜੇ ਮੂੰਹ ਨਾਲ ਕਹਿੰਦੇ ਹਨ ਕਿ ਨਾਸਤਿਕ ਭਗਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਦਾ ਅਸਲੀ ਵਾਰਿਸ ਹੈ।

ਦੇਸ਼ ਦੇ ਮਹਾਨ ਚਿੰਤਕ ਕਹਿੰਦੇ ਹਨ:

ਪੰਜਾਬ ਨਾਂ ਹਿੰਦੂ ਨਾਂ ਮੁਸਲਮਾਨ ਦਾ।

ਪੰਜਾਬ ਜਿਉਂਦਾ ਗੁਰਾਂ ਦੇ ਨਾਮ ਤੇ।

ਬੇਈਮਾਨ ਮਨ ਦੇ ਕਪਟੀ ਐਹਸਾਨ ਫਰਾਮੋਸ਼ ਨਾਸਤਿਕ ਕਹਿੰਦੇ ਹਨ "ਪੰਜਾਬ ਜਿਉਦਾ ਭਗਤ ਸਿੰਘ ਦੇ ਨਾਂ ਤੇ "

ਇਸ ਤੋਂ ਵੱਧ ਹੋਰ ਕੁਝ ਕਹਿਣਾ ਠੀਕ ਨਹੀਂ ਇੰਨਾਂ ਹੀ ਕਾਫੀ ਹੈ ਜੇ ਇਹ ਸਮਝ ਲੈਣ।

ਕਨਵਰ ਅਜੀਤ ਸਿੰਘ

---

# ਕੀ ਗੁਰੂ ਨਾਨਕ ਪਾਤਸ਼ਾਹ ਨੇ ਕੋਈ ਨਵਾਂ ਪੰਥ ਨਹੀਂ ਚਲਾਇਆ?

ਕਨਵਰ ਅਜੀਤ ਸਿੰਘ

ਪਿਛਲੇ ਸੱਠ ਸੱਤਰ ਸਾਲਾਂ ਤੋਂ ਕਾਮਰੇਡੀ ਨਾਸਤਿਕ ਟੋਲਾ ਗੱਜ ਵੱਜ ਕੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਕੇਵਲ ਸਮਾਜ ਸੁਧਾਰਕ ਸੀ ਉਨ੍ਹਾਂ ਨੇ ਕੋਈ ਨਵਾਂ ਧਰਮ ਨਹੀਂ ਚਲਾਇਆ।ਇਸ ਦੀ ਸ਼ੁਰੂਆਤ ਤਾਂ ਪ੍ਰੀਤਲੜੀ ਮਾਸਕ ਦੇ ਸੰਚਾਲਕ ਗੁਰਬਖਸ਼ ਸਿੰਘ ਉਰਫ ਦਾਰ ਜੀ ਨੇ ਕੀਤੀ ਸੀ।ਪਰ ਇਸ ਦਾ ਬਹੁਤਾ ਪ੍ਰਚਾਰ ਭਗਤ ਸਿੰਘ ਦੀ ਸੋਚ ਦੇ ਮਾਲਕਾਂ ਅਤੇ ਤਰਕਸ਼ੀਲ ਟੋਲੇ ਨੇ ਕੀਤਾ ਹੈ। ਪੰਜਾਬ ਦੇ ਜੰਮਪਲ ਇਨ੍ਹਾ ਬਿਗੜ ਪੰਥੀਆਂ ਨੂੰ ਸਿੱਖੀ ਸਿਧਾਂਤ, ਇਤਿਹਾਸ ਅਤੇ ਰਹੁ-ਰੀਤਾਂ ਦਾ ਚੰਗੀ ਤਰ੍ਹਾਂ ਪਤਾ ਹੋਣ ਦੇ ਬਾਵਜੂਦ ਸਿੱਖਾਂ ਨੂੰ ਚਿੜਾਉਣ ਅਤੇ ਜ਼ਲੀਲ ਕਰਨ ਲਈ,ਆਦਤ ਤੋਂ ਮਜਬੂਰ ਇਹ ਨਿੱਤ ਨਵੇਂ ਸ਼ੋਸ਼ੇ ਛੱਡਦੇ ਰਹਿੰਦੇ ਹਨ। ਕਿਉਂਕਿ ਇਨ੍ਹਾਂ ਦਾ ਆਪਣਾ ਕੋਈ ਧਰਮ ਨਹੀਂ ਅਤੇ ਨਾ ਕੋਈ ਰਹਿਤ ਮਰਯਾਦਾ ਹੈ ਬੱਸ ਅਵਾਰਾ ਪਸ਼ੂਆਂ ਵਾਂਗ ਧਾਰਮਿਕ ਬੰਦਿਆਂ ਨੂੰ ਹੁੱਡ ਮਾਰਨਾ ਇਨ੍ਹਾਂ ਦਾ ਧਰਮ ਹੈ। ਅੱਜ ਅਸੀਂ ਇਸ ਵਿਵਾਦ ਦਾ ਨਿਰਣਾ ਕਰਾਂਗੇ।

ਗੁਰੂ ਨਾਨਕ ਪਾਤਸ਼ਾਹ ਦੇ ਸੰਸਾਰ ਆਗਮਨ ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਨਾਂ ਤਾਂ ਰੱਬ ਵਾਰੇ ਕੁਝ ਪਤਾ ਸੀ ਨਾ ਰੱਬ ਦੀ ਪ੍ਰਾਪਤੀ ਵਾਰੇ ਅਤੇ ਨਾ ਹੀ ਪਤਾ ਸੀ ਕਿ ਵਾਹਿਗੁਰੂ ਤੋਂ ਕੀ ਮੰਗਣਾ ਹੈ।

ਸਾਰਾ ਦੇਸ਼ ਭੰਬਲਭੂਸੇ ਵਿੱਚ ਪਿਆ ਹੋਇਆ ਸੀ। ਕੋਈ ਦਰਖਤਾਂ ਨੂੰ ਪੂਜ ਰਿਹਾ ਸੀ, ਕੋਈ ਪਸ਼ੂਆਂ ਨੂੰ, ਜਿਵੇਂ ਸੱਪ,ਨੰਦੀ ਬੈਲ,ਗਰੁੜ ਆਦਿ ਇੱਥੋਂ ਤੱਕ ਕਿ ਬੀਕਾਨੇਰ ਇਕ ਚੂਹਿਆਂ ਦਾ ਮੰਦਰ ਹੈ ਜਿੱਥੇ ਚੂਹਿਆਂ ਨੂੰ ਤਰਾਂ ਤਰਾਂ ਦੀ ਮਠਿਆਈ ਖੁਆਈ ਜਾਂਦੀ ਹੈ ਤਾਂ ਕਿ ਕਲਿਆਣ ਹੋ ਜਾਵੇ। ਇਸ ਤੋਂ ਉੱਪਰ ਕੁਝ ਸੂਝ ਵਾਲੇ ਦੇਵੀ ਦੇਵਤਿਆਂ ਦੀ ਜਾਂ ਅਵਤਾਰਾਂ ਜਾਂ ਤ੍ਰੈ ਦੇਵ(ਬ੍ਰਹਮਾ ਵਿਸ਼ਨੂੰ ਮਹੇਸ਼ ਆਦਿ )ਦੀ ਮੂਰਤੀਆਂ ਦੀ ਪੂਜਾ ਕਰਦੇ ਸਨ। ਗੁਰੂ ਨਾਨਕ ਪਾਤਸ਼ਾਹ ਨੇ ਇਸ ਵਾਰੇ ਕਿਹਾ ਕਿ;

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।।

ਅਰਥ:ਦੇਵੀ ਦੇਵਤਿਆਂ ਦੀ ਪੂਜਾ ਕੀ ਕਰੀਏ ਭਾਈ, ਮੈਂ ਉਨ੍ਹਾਂ ਤੋਂ ਕੀ ਮੰਗਾਂ ਤੇ ਉਹ ਮੈਨੂੰ ਕੀ ਦੇਣਗੇ। ਕਿਉਂਕਿ ਜੋ ਮੈਨੂੰ ਚਾਹੀਦਾ ਹੈ(ਨਿਰੰਕਾਰ ਦੀ ਪ੍ਰੇਮਾ ਭਗਤੀ ) ਉਹ ਇਨ੍ਹਾਂ ਕੋਲ ਹੈ ਨਹੀਂ ਅਤੇ ਜੋ ਇਨ੍ਹਾਂ ਕੋਲ ਹੈ (ਪਦਾਰਥੀ ਸੁੱਖ ) ਉਸ ਦੀ ਮੈਨੂੰ ਕੋਈ ਲੋੜ ਨਹੀਂ ਹੈ। ਬ੍ਰਹਮਾ ਵਿਸ਼ਨੂੰ ਮਹੇਸ਼ ਆਦਿ ਤਾਂ ਪ੍ਰਮੇਸ਼ਰ ਦੀ ਕਿਰਤ ਹਨ ਅਤੇ ਉਸ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ। ਕੁਝ ਹੋਰ ਜਲ ਦੇਵਤਾ,ਅਗਨੀ ਦੇਵਤਾ ਅਤੇ ਵਾਯੂ ਦੇਵਤਾ ਦੇ ਪੂਜਾਰੀ ਸਨ।ਇਸ ਤਰਾਂ ਸਾਰਾ ਦੇਸ਼ ਭੰਬਲਭੂਸੇ ਵਿੱਚ ਪਿਆ ਹੋਇਆ ਸੀ।



ਜਿਸਨੂੰ ਗੁਰੂ ਸਾਹਿਬ ਆਪਣਾਂ ਪ੍ਰਮਾਤਮਾ ਮੰਨਦੇ ਹਨ ਉਸ ਦੀ ਪਰਿਭਾਸ਼ਾ ਗੁਰੂ ਸਾਹਿਬ ਨੇ ਮੂਲ ਮੰਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਇੰਜ ਲਿਖੀ ਹੈ;

ਇਕ ਓਅੰਕਾਰ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

ਹੁਣ ਤਰਕਸ਼ੀਲ, ਨਾਸਤਿਕ ਟੋਲਾ ਗੁਰੂ ਸਾਹਿਬ ਨੂੰ ਸਮਾਜ ਸੁਧਾਰਕ ਕਹਿਣ ਵਾਲੇ ਦੱਸਣ ਕਿ ਪ੍ਰਮਾਤਮਾ ਦੀ ਇਹ ਪ੍ਰਿਭਾਸਾ਼ ਹਿੰਦੂਆਂ ਮੁਸਲਮਾਨਾਂ ਜਾਂ ਇਸਾਈਆਂ ਦੇ ਕਿਸ ਗ੍ਰੰਥ ਵਿੱਚ ਲਿਖੀ ਹੋਈ ਹੈ।ਕੀ ਇਹ ਨਵਾਂ ਸਿਧਾਂਤ ਨਹੀਂ ਹੈ ?



ਅਗਿਆਨਤਾ ਵੱਸ,ਜਦ ਰੱਬ ਦਾ ਹੀ ਪਤਾ ਨਹੀਂ ਤਾਂ ਪ੍ਰਾਪਤੀ ਦਾ ਸਹੀ ਢੰਗ ਕਿੱਥੋਂ ਮਿਲਣਾ ਸੀ,ਇਸ ਲਈ ਗਰਮੀਆਂ ਵਿਚ ਚਾਰੇ ਪਾਸੇ ਅੱਗ ਬਾਲ ਕੇ ਵਿਚ ਬੈਠਣਾ, ਸਰਦੀਆਂ ਵਿੱਚ ਠੰਢੇ ਪਾਣੀ ਦੇ ਜਲਧਾਰੇ ਕਰਨਾ,ਭੁੱਖੇ ਰਹਿਣਾ, ਤੀਰਥਾਂ ਦਾ ਰਟਨ ਕਰਨਾ, ਜੰਗਲਾਂ ਵਿਚ ਜਾ ਕੇ ਕੰਦ ਮੂਲ ਖਾਣਾ ਜਾਂ ਫਿਰ ਧਾਰਮਿਕ ਗ੍ਰੰਥਾਂ ਦਾ ਪਠਨ-ਪਾਠਨ ਕਰਨਾ ਹੀ ਕਲਿਆਣਕਾਰੀ ਮੰਨ ਲਿਆ ਸੀ। ਜਿਸ ਵਾਰੇ ਗੁਰੂ ਸਾਹਿਬ ਕਹਿੰਦੇ ਹਨ ਕਿ"ਬੇਦ ਪੜਹਿ ਤੈ ਬਾਦਿ ਵਖਾਣੈ " ਭਾਵ ਧਾਰਮਿਕ ਗ੍ਰੰਥ ਪੜ੍ਹ ਕੇ ਹੌਮੇ ਅਧੀਨ ਵਾਦ-ਵਿਵਾਦ ਬਹਿਸਾਂ ਕਰਨੀਆਂ ਮਨੋਰਥ ਸੀ।ਯਾ ਫਿਰ ਮਹਾਰਾਜ ਦੱਸਦੇ ਹਨ;

ਸਿਮ੍ਰਿਤਿ ਸਾਸਤ੍ਰ ਪਾਪ ਪੁੰਨ ਵੀਚਾਰਦੇ ਤਤੈ ਸਾਰਿ ਨ ਜਾਣੀ।।

ਭਾਵ, ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚ,ਪਾਪ ਕੀ ਹੈ ਅਤੇ ਪੁੰਨ ਕੀ ਹੈ ਸਿਰਫ ਇਸ ਦਾ ਵੀਚਾਰ ਹੈ। ਗੁਰਮਤਿ ਅਨੁਸਾਰ ਪ੍ਰੇਮਾ ਭਗਤੀ ਦਾ ਇਥੇ ਅਭਾਵ ਹੈ।

ਇਸ ਤੋਂ ਅੱਗੇ ਹੋਮ ਜੱਗ ਕਰਨਾ ਜਿਸ ਵਿਚ ਕਈ ਵਾਰ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਸੀ ਅਤੇ ਪੁੰਨ ਦਾਨ ਕਰਨ ਨੂੰ ਕਲਿਆਣਕਾਰੀ ਮੰਨ ਲਿਆ ਸੀ।ਇਸ ਪਿੱਛੇ ਭਾਵਨਾ ਹੋਰ ਹੁੰਦੀ ਸੀ," ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ।।"ਭਾਵ ਦਾਨ ਇਸ ਲਈ ਕਰਦੇ ਸਨ ਕਿ ਅੱਗੇ ਦਰਗਾਹ ਵਿਚ ਇਸ ਦਾ ਕਈ ਗੁਣਾ ਵੱਧ ਮਿਲੇਗਾ ਜਾਂ ਫਿਰ ਸੰਸਾਰ ਵਿੱਚ ਸੋਭਾ ਲੈਣ ਲਈ ਕਰਦੇ ਸਨ।ਇਸ ਦਾਨ ਪੁੰਨ ਲੈਣ ਦਾ ਹੱਕਦਾਰ ਵੀ ਕੇਵਲ ਬ੍ਰਾਹਮਣ ਹੁੰਦਾ ਸੀ।ਇਸ ਸਾਰੇ ਵਰਤਾਰੇ ਦਾ ਵਰਨਣ ਗੁਰਬਾਣੀ ਦੇ ਇਸ ਸ਼ਬਦ ਵਿਚ ਮਿਲਦਾ ਹੈ;

ਹਰਿ ਬਿਨੁ ਅਵਰ ਕ੍ਰਿਆ ਬਿਰਥੇ।।

ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ।।1।।ਰਹਾਉ।।

ਬਰਤ ਨੇਮ ਸੰਜਮ ਮਹਿ ਰਹਿਤਾ ਤਿਨ ਕਾ ਆਢੁ ਨ ਪਾਇਆ।।

ਆਗੈ ਚਲਣੁ ਅਉਰ ਹੈ ਭਾਈ ਊਹਾ ਕਾਮਿ ਨਾ ਆਇਆ।।

ਤੀਰਥ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ।।

ਊਹਾ ਕਾਮਿ

ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ।।

ਚਤੁਰ ਬੇਦ ਮੁਖਿ ਬਚਨੀ ਉਚਰੈ ਆਗੈ ਮਹਲੁ ਨਾ ਪਾਈਐ।।

ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ।।

ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ।।

ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ।।ਅੰਗ216।।

ਅਬ ਕਲੂ ਆਇਓ ਰੇ।।

ਇਕੁ ਨਾਮੁ ਬੋਵਹੁ ਬੋਵਹੁ।।

ਅਨ ਰੁਤਿ ਨਾਹੀ ਨਾਹੀ।।

ਮਤੁ ਭਰਮਿ ਭੂਲਹੁ ਭੂਲਹੁ।।

ਗੁਰ ਮਿਲੇ ਹਰਿ ਪਾਏ।।ਜਿਸੁ ਮਸਤਕਿ ਹੈ ਲੇਖਾ।।ਮਨ ਰੁਤਿ ਨਾਮੁ ਰੇ।।

ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ।।

ਅੱਖਾਂ ਤੋਂ ਅੰਨ੍ਹੇ ਅਤੇ ਦਿਮਾਗ ਤੋਂ ਪਾਗਲ ਕਾਮਰੇਡ ਅਤੇ ਤਰਕਸ਼ੀਲ ਅਜੇ ਕਹਿੰਦੇ ਹਨ ਗੁਰੂ ਨਾਨਕ ਸਾਹਿਬ ਨੇ ਕੋਈ ਨਵਾਂ ਸਿਧਾਂਤ ਨਹੀਂ ਦਿੱਤਾ, ਨਵਾਂ ਧਰਮ ਨਹੀਂ ਚਲਾਇਆ।

ਨਾ ਪ੍ਰਮਾਤਮਾ ਵਾਰੇ ਪਤਾ ਸੀ ਨਾਹੀਂ ਪ੍ਰਾਪਤੀ ਦੇ ਢੰਗ ਦਾ ਅਤੇ ਨਾ ਹੀ ਇਹ ਪਤਾ ਸੀ ਕਿ ਮੰਗਣਾ ਕੀ ਹੈ।ਮੰਗਦੇ ਸੀ ਕਿ ਮੈਂ ਮਰਾਂ ਨਾ। ਹਰਨਾਖਸ਼ ਨੇ ਏਹੋ ਮੰਗਿਆ ਸੀ ਕਿ ਨਾ ਦਿਨ ਮਰਾਂ ਨਾ ਰਾਤ, ਨਾਂ ਅੰਦਰ ਮਰਾਂ ਨਾ ਬਾਹਰ,ਨਾ ਹਥਿਆਰ ਨਾਲ ਮਰਾਂ ਨਾਂ ਅੱਗ ਨਾਲ ਇਤਿ ਆਦਿ।।

ਨਤੀਜਾ ਕੀ ਨਿਕਲਿਆ ਕਿ ਹੰਕਾਰ ਗਿਆ ਅਤੇ ਆਪਣੇ ਆਪ ਨੂੰ ਹੀ ਭਗਵਾਨ ਸਮਝ ਲਿਆ।

ਮਜ਼ੇ ਦੀ ਗੱਲ ਹੈ ਕਿ ਸ਼ਿਵ ਜੀ ਦੀ ਭਗਤੀ ਕਰ ਕੇ ਵਰ ਪ੍ਰਾਪਤ ਕੀਤਾ ਸੀ ਅਤੇ ਵਿਸ਼ਨੂੰ ਭਗਵਾਨ ਦੇ ਭਗਤਾਂ ਨੂੰ ਮਾਰਨ ਲੱਗ ਪਿਆ।ਆਖੀਰ ਨਰਸਿੰਘ ਅਵਤਾਰ ਧਾਰ ਕੇ ਵਿਸ਼ਨੂੰ ਨੂੰ ਮਾਰਨਾ ਪਿਆ।

ਇਸੇ ਤਰ੍ਹਾਂ ਇਕ ਹੋਰ ਸ਼ਿਵ ਭਗਤ ਨੇ ਭਗਤੀ ਕਰਕੇ ਵਰ ਪ੍ਰਾਪਤ ਕੀਤਾ ਕਿ ਜਿਸ ਦੇ ਸਿਰ ਤੇ ਹੱਥ ਰੱਖਾਂ ਉਹ ਭਸਮ ਹੋ ਜਾਏ।ਮਨ ਵਿਚ ਖਿਆਲ ਆਇਆ ਕਿ ਪਰਖ ਕੇ ਦੇਖੀਏ ਵਰ ਫਲੀਭੂਤ ਵੀ ਹੋਵੇਗਾ ਕਿ ਨਹੀਂ।ਇਸ ਲਈ ਫੈਸਲਾ ਕਰ ਲਿਆ ਕਿ ਸ਼ਿਵ ਜੀ ਤੇ ਹੀ ਵਰਤੋਂ ਅਤੇ ਪਾਰਬਤੀ ਨਾਲ ਵਿਆਹ ਕਰਾਓ।ਬਸ ਜੀ! ਸ਼ਿਵ ਜੀ ਅੱਗੇ ਅੱਗੇ ਅਤੇ ਭਗਤ ਪਿੱਛੇ ਪਿੱਛੇ।ਆਖੀਰ ਸ਼ਿਵ ਜੀ ਨੇ ਪਹਾੜ ਦੀ ਖੁੱਡ ਵਿੱਚ ਆਪਣਾ ਸਿਰ ਫਸਾ ਲਿਆ। ਪਾਰਬਤੀ ਸਿਆਣੀ ਸੀ, ਕਹਿਣ ਲੱਗੀ ਵਿਆਹ ਤਾਂ ਆਪਾਂ ਕਰ ਹੀ ਲੈਣਾ ਹੈ ਪਹਿਲਾਂ ਖੁਸ਼ੀ ਮਨਾਉਣ ਲਈ ਨੱਚ ਲਈਏ। ਹੁਣ ਰਾਖ਼ਸ਼ ਨੂੰ ਨੱਚਣਾ ਨਾ ਆਵੇ ਇਸ ਲਈ ਜਿਸ ਤਰਾਂ ਪਾਰਬਤੀ ਕਰੇ ਉਸ ਦੀ ਨਕਲ ਕਰੇ। ਪਾਰਬਤੀ ਨੇ ਨਚਦਿਆਂ ਆਪਣਾ ਹੱਥ ਸਿਰ ਤੇ ਰੱਖ ਲਿਆ,ਉਸੇ ਤਰ੍ਹਾਂ ਭਗਤ ਨੇ ਕੀਤਾ ਅਤੇ ਭਸਮ ਹੋ ਗਿਆ। ਸ਼ਿਵ ਜੀ ਅਤੇ ਪਾਰਬਤੀ ਦੀ ਜਾਨ ਬਚ ਗਈ।

ਇਸ ਤੋਂ ਉੱਚੀ ਸੁਰਤਿ ਵਾਲੇ ਸਵਰਗ ਅਤੇ ਮੁਕਤੀ ਮੰਗਦੇ ਸੀ।

ਗੁਰੂ ਸਾਹਿਬ ਨੇ ਏਲਾਨੀਆ ਕਿਹਾ;

ਵਿਣੁ ਤੁਧਿ ਹੋਰ ਜੇ ਮੰਗਣਾ ਸਿਰਿ ਦੁਖਾ ਦੇ ਦੁਖ।।

ਦੇਹੁ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।।

ਮਾਗਣਾ ਮਾਗਣ ਨੀਕਾ ਹਰਿ ਜਸੁ ਗੁਰ ਤੇ ਮਾਗਨਾ।।

ਰਾਜੁ ਨ ਚਾਹਉ ਮੁਕਤਿ ਨਾ ਚਾਹਉ ਮਨਿ ਪ੍ਰਿਤਿ ਚਰਨ ਕਮਲਾ ਰੇ।।

ਕਈ ਬੈਕੁੰਠ ਨਹੀਂ ਲਵੈ ਲਾਗੈ।।

ਮੁਕਤਿ ਬਪੁੜੀ ਭੀ ਗਿਆਨੀ ਤਿਆਗੈ।।

ਹਰਿ ਜੀਉ ਸੋ ਈ ਕਰਹਿ ਜੇ ਭਗਤ ਤੇਰੇ ਜਾਚਹਿ ਇਹੁ ਤੇਰਾ ਬਿਰਦੁ।।

ਕਰ ਜੋੜਿ ਨਾਨਕ ਦਾਨੁ ਮਾਗੈ ਆਪਣਿਆਂ ਸੰਤਾ ਦੇਹੁ ਹਰਿ ਦਰਸੁ।

ਜਦ ਗੁਰੂ ਨਾਨਕ ਪਾਤਸ਼ਾਹ ਨੇ ਗੁਰ ਗੱਦੀ ਭਾਈ ਲਹਿਣਾ ਜੀ ਨੂੰ ਬਖਸ਼ੀ ਤਾਂ ਪਹਿਲਾਂ ਭੇਟਾ ਅੱਗੇ ਰਖੀ ਫੇਰ ਪ੍ਰਕਰਮਾ ਕਰਕੇ ਜਦ ਭਾਈ ਲਹਿਣਾ ਜੀ ਨੂੰ ਮੱਥਾ ਟੇਕਿਆ ਤਾਂ ਸਾਰੀ ਦੁਨੀਆਂ ਹੈਰਾਨ ਹੋ ਗਈ ਕਿ ਗੁਰੂ ਨਾਨਕ ਪਾਤਸ਼ਾਹ ਨੇ ਉਲਟੀ ਗੰਗਾ ਚਲਾ ਦਿੱਤੀ। ਹਮੇਸ਼ਾ ਚੇਲਾ ਗੁਰੂ ਨੂੰ ਮੱਥਾ ਟੇਕਦਾ ਸੀ ਇਥੇ ਗੁਰੂ ਚੇਲੇ ਨੂੰ ਮੰਥਾ ਟੇਕ ਰਿਹਾ ਹੈ।

ਗੁਰੂ ਸਾਹਿਬ ਨੇ ਨਾ ਕਦੇ ਮੰਗ ਕੇ ਖਾਧਾ ਨਾ ਕਿਸੇ ਦੀ ਨਕਲ ਕੀਤੀ। ਸੰਸਾਰ ਦੇ ਧਾਰਮਿਕ ਆਗੂਆਂ ਨੇ, ਕਿਸੇ ਨੇ ਆਪਣੇ ਆਪ ਨੂੰ ਭਗਵਾਨ ਕਿਹਾ, ਕਿਸੇ ਨੇ ਖੁਦਾ ਦਾ ਬੇਟਾ, ਕਿਸੇ ਨੇ ਪੈਗੰਬਰ ਕਹਾਇਆ ਪਰ ਗੁਰੂ ਸਾਹਿਬ ਨੇ ਕਿਹਾ ;

ਹਉ ਢਾਢੀ ਵੇਕਾਰੁ ਕਾਰੈ ਲਾਇਆ।।

ਰਾਤਿ ਦਿਹੈ ਕਿ ਵਾਰ ਧੁਰਹੁ ਫੁਰਮਾਇਆ।।

ਕਰਤਾਰ ਦਾ ਨੌਕਰ ਬਣ ਕੇ ਗਰਮੀ ਸਰਦੀ ਝੱਲ ਕੇ ਰੇਗਿਸਤਾਨ ਜੰਗਲ ਬੀਆਬਾਨ ਗਾਹ ਕੇ ਛੱਬੀ ਸਾਲ ਦੁਨਿਆਂ ਦੇ ਕਲਿਆਣ ਕਰਨ ਦੀ ਜੁੰਮੇਵਾਰੀ ਨਿਭਾਈ। ਸੰਸਾਰ ਵਿੱਚ ਕੋਈ ਹੋਰ ਐਸਾ ਹੋਇਆ।

ਜਿਸ ਤਰਾਂ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਵਰਗੇ ਅੱਗੇ ਹੋਰ ਨੌਂ ਗੁਰੂ ਸੰਸਾਰ ਨੂੰ ਦਿੱਤੇ ਕਿਸ ਹੋਰ ਨੇ ਕੀਤਾ ?

ਅਕਾਲ ਪੁਰਖ ਵੱਲੋਂ ਬਖ਼ਸ਼ਿਆ "ਵਾਹਿਗੁਰੂ ਮੰਤਰ "ਸੰਸਾਰ ਦੇ ਹੋਰ ਕਿਸੇ ਧਾਰਮਿਕ ਗ੍ਰੰਥ ਵਿੱਚ ਮਿਲਦਾ ਹੈ?

ਸਾਰੇ ਦੇਸ਼ ਦੇ ਸਨਾਤਨ ਧਰਮ ਦੇ ਮੰਦਰ ਦੇਵੀ ਦੇਵਤਿਆਂ ਦੇ ਨਾਉਂ ਤੇ ਬਣੇ ਹੋਏ ਹਨ ਪਰ ਗੁਰੂ ਸਾਹਿਬ ਨੇ ਪਿੰਡ ਵਸਾਇਆ ਨਾਉਂ ਰੱਖਿਆ "ਕਰਤਾਰ ਪੁਰ"ਸਿਖਾਂ ਦੇ ਕੇਂਦਰ ਅਸਥਾਨ ਦੇ ਗੁਰਦੁਆਰੇ ਦਾ ਨਾਉਂ ਹੈ"ਹਰਿਮੰਦਿਰ "।ਸਨਾਤਨ ਧਰਮ ਦੇ ਸਾਰੇ ਮੰਦਰਾਂ ਦਾ ਮੂੰਹ ਚੜ੍ਹਦੇ ਵੱਲ ਅਤੇ ਇਸਲਾਮ ਵਾਲੇ ਪੱਛਮ ਵੱਲ ਮੂੰਹ ਕਰਕੇ ਨਿਵਾਜ਼ ਅਦਾ ਕਰਦੇ ਹਨ ਪਰ ਹਰਿਮੰਦਰ ਸਾਹਿਬ ਦਾ ਡੀਜਾਈਨ ਵਿਲੱਖਣ ਹੈ। ਇਸ ਨੂੰ ਨਾਂਹ ਮੰਦਰ ਬਣਾਇਆ ਜਾ ਸਕਦਾ ਹੈ ਅਤੇ ਨਾਂਹ ਮਸਜਿਦ ਬਣ ਸਕਦੀ ਹੈ।ਇਸ ਦਾ ਗੁੰਬਦ ਵੀ ਮਸਜਿਦ ਵਰਗਾ ਨਹੀਂ ਹੈ।ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਸੁਮੇਲ ਅਤੇ ਦੋ ਨਿਸ਼ਾਨ ਸਾਹਿਬ ਦੇ ਗੁੱਝੇ ਭਾਵ ਵਾਲੀ ਕੋਈ ਇਮਾਰਤ ਸੰਸਾਰ ਵਿੱਚ ਨਹੀਂ ਹੈ।

ਸੰਸਾਰ ਦੇ ਕਿਸੇ ਧਰਮ ਨੇ ਆਪਣੇ ਧਾਰਮਿਕ ਗ੍ਰੰਥ ਨੂੰ ਉਹ ਦਰਜਾ ਨਹੀਂ ਦਿੱਤਾ ਜੋ ਗੁਰੂ ਗ੍ਰੰਥ ਸਾਹਿਬ ਦਾ ਹੈ।

ਗੁਰੂ ਸਾਹਿਬ ਦੀ ਬਣਾਈ "ਸੰਗਤ ਅਤੇ ਪੰਗਤ "ਦੀ ਰੀਤ,ਦੇਗ ਤੇਗ ਫਤਹਿ ਦਾ ਸੰਕਲਪ ਕਿਸੇ ਹੋਰ ਧਰਮ ਵਿੱਚ ਮਿਲਦਾ ਹੈ?

ਗੁਰੂ ਸਾਹਿਬ ਨੇ ਤਾਂ ਗਾਉਣ ਲਈ ਆਸਾ ਅਤੇ ਤੁਖਾਰੀ ਰਾਗ ਵੀ ਆਪ ਸਿਰਜੇ। ਗੁਰੂ ਸਾਹਿਬ ਦੀ ਸਭ ਤੋਂ ਜ਼ਿਆਦਾ ਬਾਣੀ ਆਸਾ ਰਾਗ ਵਿੱਚ ਹੈ ਅਤੇ ਹਰ ਰੋਜ਼ ਅੰਮ੍ਰਿਤ ਵੇਲੇ ਗਾਈ ਜਾਣ ਵਾਲੀ ਬਾਣੀ ਵਾਰ ਆਸਾ ਇਸੇ ਰਾਗ ਵਿਚ ਹੈ। ਗੁਰੂ ਸਾਹਿਬ ਨੇ ਗਾਉਣ ਲਈ ਤਾਲਾਂ ਵੀ ਆਪ ਸਿਰਜੀਆਂ। ਪੜਤਾਲ ਗਾਇਕੀ ਗੁਰੂ ਘਰਾਂ ਤੋਂ ਸਿਵਾ ਹੋਰ ਕਿਤੇ ਨਹੀਂ ਗਾਈ ਜਾਂਦੀ।

ਸੰਸਾਰ ਦੀਆਂ ਸਾਰੀਆਂ ਜੰਗਾਂ ਜ਼ਰ ਜ਼ੋਰੂ ਜ਼ਮੀਨ ਲਈ ਹੋਈਆਂ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਜਿੱਤੀਆਂ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤੇਰਾਂ ਜੰਗਾਂ ਵਿੱਚ ਮੁਕੰਮਲ ਜਿੱਤ ਹਾਸਲ ਕੀਤੀ ਨਾ ਕੋਈ ਜੰਗੀ ਕੈਦੀ ਬਣਾਇਆਂ ਨਾਂ ਕਿਸੇ ਦੀ ਇਕ ਇੰਚ ਜ਼ਮੀਨ ਤੇ ਕਬਜ਼ਾ ਕੀਤਾ।

ਗੁਰੂ ਸਾਹਿਬ ਦੀਆਂ ਵਿਲੱਖਣ ਵਡਿਆਈਆਂ ਪੂਰਨ ਤੌਰ ਤੇ ਵਰਨਣ ਕਰਨ ਲਈ ਇਕ ਕਿਤਾਬ ਬਣਾਈ ਜਾ ਸਕਦੀ ਹੈ। ਅਸੀਂ ਤਾਂ ਇੱਥੇ ਕੁਝ ਭੋਰ ਚੋਰ ਹੀ ਲਿਖਿਆ ਹੈ।

ਗੁਰੂ ਸਾਹਿਬ ਜੀ ਦੇ ਸਿਰਜੇ ਖਾਲਸਾ ਪੰਥ ਦੀ ਵਿਲੱਖਣ ਸ਼ਖ਼ਸੀਅਤ ਅਤੇ ਕਿਰਦਾਰ ਪਿਛਲੇ ਸਾਲ ਕਿਸਾਨ ਮੋਰਚੇ ਅਤੇ ਕਰੋਨਾ ਕਾਲ ਵਿੱਚ ਸਾਰੇ ਸਾਰੇ ਸੰਸਾਰ ਵਿੱਚ ਉਘੜ ਕੇ ਸਾਹਮਣੇ ਆਈ ਹੈ, ਜਿਸ ਨੂੰ ਯੂ ਐਨ ਓ ਪੱਧਰ ਤੱਕ ਸਰਾਹਿਆ ਗਿਆ।

ਬਿਨਾਂ ਪੂਛ ਅਤੇ ਸਿੰਗਾ ਤੋਂ ਪਸ਼ੂ ਬਿਰਤੀ ਵਾਲੇ ਕਾਮਰੇਡ ਅਤੇ ਤਰਕਸ਼ੀਲਾਂ ਨੂੰ ਜੋ ਅਕਲ ਦੇ ਅੰਨ੍ਹੇ ਅਤੇ ਦਿਮਾਗ ਤੋਂ ਖਾਲੀ ਧਰਮ ਦੇ ਦੁਸ਼ਮਣ ਹਨ ਨੂੰ ਸਿਖ ਧਰਮ ਦੀ ਵਿਲੱਖਣਤਾ ਨਜ਼ਰ ਨਹੀਂ ਆਉਂਦੀ।ਪਤਾ ਇਨ੍ਹਾਂ ਨੂੰ ਸਭ ਕੁਝ ਹੈ ਮਕਰੇ ਬਣੇ ਹੋਏ ਹਨ ਅਤੇ ਸਿੱਖਾਂ ਨੂੰ ਚਿੜਾਉਣ ਲਈ ਬਗੈਰ ਸਿਰ ਪੈਰ ਦੇ ਸ਼ੋਸ਼ੇ

ਛੱਡਦੇ ਹਨ। ਇਨ੍ਹਾਂ ਨੇ ਝੂਠਾ ਦਾ ਭਾਂਡਾ ਭੰਨਣ ਲਈ ਅਸੀਂ ਇਹ ਨਿਗੂਣਾ ਉਦਮ ਕੀਤਾ ਹੈ।ਸਹੀ ਗ਼ਲਤ ਦਾ ਨਿਰਣਾ ਪਾਠਕਾਂ ਨੇ ਕਰਨਾ ਹੈ। ਤੁਸੀਂ ਦੇਖਣ ਕਿ ਅਧਰਮੀ ਟੋਲਾ ਇਸ ਨੂੰ ਪੜ੍ਹੇਗਾ ਹੀ ਨਹੀਂ ਅਤੇ ਦੋ ਚਾਰ ਦਿਨ ਪਿੱਛੋਂ ਫਿਰ ਓਹੀ ਰਾਗ ਅਲਾਪੇਗਾ।

ਭੁਲਾਂ ਚੁਕਾਂ ਅਤੇ ਵੱਧ ਘੱਟ ਬੋਲਿਆ ਮੁਆਫ ਕਰਨਾ ਜੀ।

ਕਨਵਰ ਅਜੀਤ ਸਿੰਘ

---

# ਭਾਈ ਰਣਧੀਰ ਸਿੰਘ ਜੀ ਦੀ ਭਗਤ ਸਿੰਘ ਨਾਲ ਮੁਲਾਕਾਤ ਦੀ ਪੜਚੋਲ

ਕਨਵਰ ਅਜੀਤ ਸਿੰਘ

ਇਹ ਇਕ ਸਰਬਪ੍ਰਵਾਨਿਤ ਤੱਥ ਹੈ ਕਿ ਭਾਈ ਸਾਹਿਬ ਦੀ ਲਾਹੌਰ ਜੇਲ੍ਹ ਤੋਂ ਰਿਹਾਈ ਤੋਂ ਪਹਿਲਾਂ ਸ਼ ਭਗਤ ਸਿੰਘ ਨਾਲ ਮੁਲਾਕਾਤ ਹੋਈ ਸੀ। ਇਸ ਮੁਲਾਕਾਤ ਦਾ ਵੇਰਵਾ ਗਿਆਨੀ ਨਾਹਰ ਸਿੰਘ ਜੀ ਵੱਲੋਂ ਸੰਪਾਦਿਤ ਕਿਤਾਬ ॥ਜੇਲ੍ਹ ਚਿੱਠੀਆਂ ਵਿੱਚ ਦਿੱਤਾ ਹੈ। ਉਸ ਨਾਲ ਨਾਸਤਕੀ, ਕਾਮਰੇਡੀ ਸੋਚ ਦੇ ਧਾਰਕਾਂ ਦੇ ਅਹੰ ਨੂੰ ਗਹਿਰੀ ਸੱਟ ਲੱਗਦੀ ਹੈ। ਇਸ ਲਈ ਇਨ੍ਹਾਂ ਨੇ ਆਪਣੇ ਧਰਵਾਸ ਲਈ ਹੇਠ ਲਿਖੇ ਨਿਰਮੂਲ ਸ਼ੰਕੇ ਪਾਠਕਾਂ ਦੇ ਮਨਾਂ ਵਿੱਚ ਖੜ੍ਹੇ ਕਰ ਦਿੱਤੇ ਹਨ।

(1) ਕੁਝ ਲੋਕਾਂ ਦਾ ਕਹਿਣਾ ਰੁ ਕਿ ਕੋਈ ਮੁਲਾਕਾਤ ਨਹੀਂ ਹੋਈ। ਜੇਲ੍ਹ ਚਿੱਠੀਆਂ ਦੀ ਕਿਤਾਬ ਵਿੱਚ ਉਹਨਾਂ ਚਿੱਠੀਆਂ ਦਾ ਸੰਗ੍ਰਿਹ ਹੈ ਜੋ ਭਾਈ ਸਾਹਿਬ ਨੇ ਜੇਲ੍ਹ ਵਿੱਚ ਹੁੰਦਿਆਂ, ਗਿਆਨੀ ਨਾਹਰ ਸਿੰਘ ਨੂੰ ਲਿਖੀਆਂ ਸਨ। ਪਰ ਇਸ ਮੁਲਾਕਾਤ ਦੇ ਵੇਰਵੇ ਭਾਈ ਸਾਹਿਬ ਦੀ ਰਿਹਾਈ ਤੋਂ ਕੇਵਲ ਇਕ ਦੋ ਘੰਟੇ ਪਹਿਲਾਂ ਦੇ ਹਨ, ਇਹ ਚਿੱਠੀ ਦੇ ਰੂਪ ਵਿੱਚ ਕਿਸ ਤਰ੍ਹਾਂ ਆ ਸਕਦੇ ਹਨ ?

(2) ਨਾਸਤਿਕ ਬਿਰਤੀ ਤੇ ਕੋਈ ਵੀਚਾਰਧਾਰਾ ਹਾਵੀ ਨਹੀਂ ਹੋ ਸਕਦੀ।

(3) ਬੇਸ਼ੱਕ ਭਾਈ ਸਾਹਿਬ ਨੇ ਦੇਸ ਦੀ ਆਜ਼ਾਦੀ ਲਈ ਜੇਲ੍ਹ ਕੱਟੀ ਸੀ ਪਰ ਉਨ੍ਹਾਂ ਦੀ ਹਰ ਗੱਲ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ।

(4) ਸੂਫੀ ਅਮਰਜੀਤ ਦੀ ਕਿਤਾਬ "॥ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ" ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ ਦੇ ਮੁੱਖ ਬੰਦ ਅਨੁਸਾਰ, ਬੱਬਰ ਅਕਾਲੀ ਕੇਸ ਦੇ ਬਾਬਾ ਰਣਧੀਰ ਸਿੰਘ ਨੇ ਭਗਤ ਸਿੰਘ ਨੂੰ ਸਲਾਹ ਦਿੱਤੀ ਸੀ ਕਿ ਘੱਟੋ-ਘੱਟ ਮੌਤ ਨੂੰ ਸਾਮ੍ਹਣੇ ਖੜ੍ਹਾ ਦੇਖ ਕੇ ਤਾਂ ਉਹ ਪਰਮਾਤਮਾ ਨੂੰ ਯਾਦ ਕਰ ਲਵੇ। ਪਰ ਭਗਤ ਸਿੰਘ ਨੇ ਇਹ ਮਨਣ ਤੋਂ ਇਨਕਾਰ ਕਰ ਦਿੱਤਾ, ਤਾਂ ਉਹ ਭਗਤ ਸਿੰਘ ਨੂੰ ਘੁਮੰਡੀ" ਕਹਿ ਕੇ ਚਲੇ ਗਏ। ਇੱਸੇ ਮੁੱਖ ਬੰਦ ਵਿਚ ਪਹਿਲਾ ਸੂਫੀ ਇੰਵ ਲਿਖਦਾ ਹੈ:

ਸੰਭਵ ਹੈ ਕਿ ਸ਼ ਭਗਤ ਸਿੰਘ ਨਾਲ ਉਨ੍ਹਾਂ ਦੀ (ਭਾਈ ਰਣਧੀਰ ਸਿੰਘ) ਭੇਂਟ ਹੋਈ ਹੋਵੇ ਤੇ ਉਸ ਬਾਰੇ ਜੋ ਗੱਲਬਾਤ ਹੋਈ ਸੀ ਉਸ ਨੂੰ ਸੰਪਾਦਕ ਨੇ ਉਨ੍ਹਾਂ ਦੇ (ਭਗਤ ਸਿੰਘ) ਸਿੱਖੀ ਧਾਰਨ ਕਰਨ ਬਾਰੇ ਲਿਖ ਦਿੱਤਾ ਹੋਵੇ ਤਾਂ ਜੋ ਹੋਰ ਬੰਦੇ ਪ੍ਰੇਰਨਾ ਲੈ ਕੇ ਸਿੱਖੀ ਧਾਰਨ ਕਰ ਲੈਣ।

ਅੱਗੇ ਸੂਫੀ ਜੀ ਲਿਖਦੇ ਹਨ ਜੇ ਭਗਤ ਸਿੰਘ ਦੀ ਕਿਤਾਬ ਮੈਂ ਨਾਸਤਿਕ ਕਿਉਂ ਹਾਂ" ਉਪਲੱਬਧ ਨਾ ਹੁੰਦੀ ਤਾਂ ਅਸੀਂ ਉਸ ਦੇ ਇਸ ਮਹੱਤਵਪੂਰਨ ਵਿਸ਼ੇ ਤੇ ਉੱਤਮ ਵੀਚਾਰਾਂ ਤੋਂ ਵਾਂਝੇ ਰਹਿ ਜਾਂਦੇ।

ਸਾਡੇ ਕੋਲ ਇਸ ਵਿਸ਼ੇ ਤੇ ਦੋ ਕਿਤਾਬਚੇ ਉਪਲਬਧ ਹੋਏ ਹਨ।

(1) ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ" ਲੇਖਕ ਸੂਫੀ ਅਮਰਜੀਤ ਪ੍ਰਕਾਸ਼ਕ ਤਰਕ ਭਾਰਤੀ ਪ੍ਰਕਾਸ਼ਨ" ਤਰਕਸੀਲ ਨਿਵਾਸ, ਕੱਚਾ ਕਾਲਜ ਰੋਡ ਬਰਨਾਲਾ ਦੂਜੀ ਵਾਰ ੮ਫਰਵਰੀ 2008।

(2) ਮੈਂ ਨਾਸਤਿਕ ਕਿਉਂ ਹਾਂ (ਲੇਖਕ ਭਗਤ ਸਿੰਘ), ਭੂਮਿਕਾ ਬਿਪਨ ਚੰਦਰ, ਅਨੁਵਾਦਕ ਬਲਦੇਵ ਸਿੰਘ ਬੱਦਨ ਪ੍ਰਕਾਸ਼ਕ ਨੈਸ਼ਨਲ ਬੁੱਕ ਟ੍ਰਸਟ, ਇੰਡੀਆ ਏ5 ਗਰੀਨ ਪਾਰਕ ਨਵੀਂ ਦਿੱਲੀ।




ਪਹਿਲੀ ਪੁਸਤਕ ਦੇ ਕਰਤਾ ਸੂਫੀ ਜੀ ਨੂੰ ਪੱਕਾ ਵਿਸ਼ਵਾਸ ਨਹੀਂ ਕਿ ਭਾਈ ਸਾਹਿਬ ਦੀ ਕੋਈ ਮੁਲਾਕਾਤ ਸ਼ ਭਗਤ ਸਿੰਘ ਨਾਲ ਹੋਈ ਹੈ। ਉਹ ਮੁੱਖ ਬੰਦ ਦੇ ਪਹਿਲੇ ਪਨੇ ਤੇ ਲਿਖਦੇ ਹਨ ਸੰਭਵ ਕਿ ਸ਼ ਭਗਤ ਸਿੰਘ ਨਾਲ ਉਨ੍ਹਾਂ ਦੀ ਭੇਟ ਹੋਈ ਹੋਵੇ ਅਤੇ ਉਸ ਬਾਰੇ ਜੋ ਗੱਲਬਾਤ ਹੋਈ ਸੀ ਉਸ ਨੂੰ ਸੰਪਾਦਕ (ਜੇਲ੍ਹ ਚਿੱਠੀਆਂ) ਨੇ ਉਨ੍ਹਾਂ ਦੇ ਸਿੱਖੀ ਧਾਰਨ ਕਰਨ ਬਾਰੇ ਲਿਖ ਦਿੱਤਾ ਹੋਵੇ ਤਾਂ ਜੋ ਹੋਰ ਲੋਕ ਇਸ ਤੋਂ ਪ੍ਰੇਰਨਾ ਲੈ ਕੇ ਸਿੱਖੀ ਧਾਰਨ ਕਰ ਲੈਣ।

ਜਿਸ ਗੱਲ ਬਾਰੇ ਉਹ ਦੁਬਿਧਾ ਵਿੱਚ ਹੈ ਉਸ ਗੱਲ ਬਾਰੇ ਆਪਣੇ ਮਨੋਕਲਪਿਤ ਨਿਰਨੇ ਨੂੰ ਸਹੀ ਕਹਿਣਾ ਅਨੈਤਿਕਤਾ ਵਾਲਾ ਵਿਹਾਰ ਹੈ।

ਇਹ ਸਰਬ ਪ੍ਰਵਾਣਿਤ ਤੱਥ ਹੈ ਕਿ ਭਾਈ ਸਾਹਿਬ ਨੂੰ ਗ਼ਦਰ ਪਾਰਟੀ ਵਿੱਚ ਹਿੱਸਾ ਲੈਣ ਕਰਕੇ ਪਹਿਲੇ ਲਾਹੌਰ ਕਾਂਸਪਾਇਰੈਂਸੀ ਕੇਸ ਅਧੀਨ ਉਮਰ ਕੈਦ ਦੀ ਸਜ਼ਾ ਹੋਈ ਸੀ ਜੋ 1915 ਤੋਂ ਸ਼ੁਰੂ ਹੋਈ ਅਤੇ ਭਾਈ ਸਾਹਿਬ 4 ਅਕਤੂਬਰ 1930 ਵਿੱਚ ਲਾਹੌਰ ਜੇਲ੍ਹ ਤੋਂ ਰਿਹਾ ਹੋ ਕੇ ਘਰ ਪਹੁੰਚੇ। ਪਰ ਸੂਫੀ ਆਪਣੀ ਕਿਤਾਬ ਦੇ ਮੁੱਖ ਬੰਦ ਦੇ ਦੂਜੇ ਪਨੇ ਦੇ ਸੁਰੂ ਵਿੱਚ ਲਿਖਦਾ ਹੈ (ਭਗਤ ਸਿੰਘ ਦੀ) ਫਾਂਸੀ ਤੋਂ ਕੁਝ ਦਿਨ ਪਹਿਲਾਂ ਬਬਰ ਅਕਾਲੀ ਕੇਸ ਦੇ ਬਾਬਾ ਰਣਧੀਰ ਸਿੰਘ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਘਟੋ ਘੱਟ ਮੌਤ ਨੂੰ ਸਾਹਮਣੇ ਦੇਖ ਕੇ ਤਾਂ ਉਹ ਪ੍ਰਮਾਤਮਾ ਨੂੰ ਯਾਦ ਕਰ ਲਵੇ"

ਜਦਕਿ ਬਬਰ ਅਕਾਲੀ ਲਹਿਰ 1920 ਤੋਂ ਪਿੱਛੋਂ ਉਨ੍ਹਾਂ ਜੁਝਾਰੂ ਸਿੱਖਾਂ ਨੇ ਚਲਾਈ ਜਿਹੜੇ ਅਕਾਲੀ ਪਾਰਟੀ ਦੇ ਲੀਡਰਾਂ ਦੇ ਮਹਾਤਮਾ ਗਾਂਧੀ ਦੇ ਪਿਛਲੱਗ ਬਣ ਕੇ ਅਹਿੰਸਾਵਾਦੀ ਅਦੋਲਨਾਂ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਕ੍ਰਿਸ਼ਨ ਸਿੰਘ ਗੜਗੱਜ ਇਨ੍ਹਾਂ ਦੇ ਮੁਖੀ ਸੀ ਜਿਨ੍ਹਾਂ ਨੇ ਫਾਂਸੀ ਚੜ੍ਹ ਕੇ ਸ਼ਹੀਦੀ ਪਾਈ। ਇਕ ਹੋਰ ਮਜ਼ੇਦਾਰ ਗੱਲ ਸੂਫੀ ਦੀ ਕਿਤਾਬ ਵਿੱਚੋਂ ਅਗਿਆਨਤਾ ਵਾਲੀ ਪ੍ਰਗਟ ਹੰਦੀ ਹੈ, ਉਹ ਇਹ ਕਿ ਉਹ "ਬਾਬਾ ਰਣਧੀਰ ਸਿੰਘ" ਲਿਖਦਾ ਹੈ। ਜਦ ਕਿ ਭਾਈ ਸਾਹਿਬ ਦੇ ਅਕਾਲ ਚਲਾਣਾ ਹੋਣ ਪਿੱਛੋਂ ਹੁਣ ਤਕ ਇਨ੍ਹਾਂ ਨੂੰ ਭਾਈ ਸਾਹਿਬ ਦੇ ਲਕਬ ਨਾਲ ਯਾਦ ਕੀਤਾ ਜਾਂਦਾ ਹੈ। ਇਸ ਕਿਤਾਬ ਵਿੱਚ ਸੂਫੀ ਜੀ ਨੇ ਭਗਤ ਸਿੰਘ ਦੇ ਕਿਤਾਬਚੇ ਦਾ ਮੂਲ ਪਾਠ ਨਹੀਂ ਦਿੱਤਾ ਬਲਕਿ ਵਿਚੋਂ ਵਿੱਚੋਂ ਅੰਸ਼ ਲੈ ਕੇ ਆਪਣੇ ਮਨੋਕਲਪਿਤ ਤੱਥ ਪੇਸ਼ ਕੀਤੇ ਹਨ। ਫਿਰ ਸੂਫੀ ਲਿਖਦਾ ਹੈ ਕਿ ਭਾਈ ਸਾਹਿਬ ਨੇ ਭਗਤ ਸਿੰਘ ਨੂੰ "ਘੁਮੰਡੀ" ਕਿਹਾ ਹੈ, ਇਸ ਹਿਰਦੇ ਵੇਧਕ ਲਫ਼ਜ਼ ਨੇ ਭਗਤ ਸਿੰਘ ਨੂੰ ਮੈਂ ਨਾਸਤਿਕ ਕਿਉਂ ਹਾਂ" ਦਾ ਕਿਤਾਬਚਾ ਲਿਖਣ ਤੇ ਮਜਬੂਰ ਕੀਤਾ"। ਜਦਕਿ

ਬਿਪਨ ਚੰਦਰ ਦੀ ਭੂਮਿਕਾ ਵਾਲੀ ਕਿਤਾਬ ਤੋਂ ਗੱਲ ਕੁਝ ਹੋਰ ਪ੍ਰਗਟ ਹੰਦੀ ਹੈ। ਇਨ੍ਹਾਂ ਤੱਥਾਂ ਦੇ ਆਧਾਰ ਤੇ ਅਸੀਂ ਪੂਰੇ ਵਿਸਵਾਸ਼ ਨਾਲ ਕਹਿ ਸਕਦੇ ਹਾਂ ਕਿ ਸੂਫੀ ਨੇ ਜੋ ਭੀ ਇਸ ਕਿਤਾਬ ਵਿੱਚ ਲਿਖਿਆ ਹੈ ਅਗਿਆਨਤਾ ਜਾਂ ਕਪਟੀ ਹਿਰਦੇ ਨਾਲ ਲਿਖ ਕੇ ਪਾਠਕਾਂ ਨੂੰ ਗੁਮਰਾਹ ਕੀਤਾ ਹੈ। ਅਮਰਜੀਤ ਸੂਫੀ ਭਗਤ ਸਿੰਘ ਨੂੰ ਘੁਮੰਡੀ ਕਹਿਣ ਦਾ ਦੋਸ਼ ਭਾਈ ਰਣਧੀਰ ਸਿੰਘ ਜੀ ਤੇ ਮੜ੍ਹਦਾ ਹੈ ਜਦ ਕਿ ਹਕੀਕਤ ਇਹ ਹੈ ਕਿ ਇਸ ਵੀਚਾਰਧਾਰਾ ਦੇ ਬੰਦੇ ਅਨਭੋਲ ਪਾਠਕਾਂ ਦੇ ਮਨਾਂ ਵਿੱਚ ਭਾਈ ਸਾਹਿਬ ਨੂੰ ਹੰਕਾਰੀ" ਕਹਿਣ ਦਾ ਦੁਸ਼ਟ ਪ੍ਰਚਾਰ ਕਰ ਰਹੇ ਹਨ। ਜਿਸ ਬਾਰੇ ਮੈਨੂੰ ਸੁਖਵਿੰਦਰ ਸਿੰਘ ਸਭਰਾ ਦੀ ਪੁਸਤਕ ਸੰਤਾਂ ਦੇ ਕੌਤਕ ਪੜ੍ਹ ਕੇ ਪਤਾ ਲਗਿਆ ਹੈ ਅਤੇ ਕਰਮਜੀਤ ਸਕਰੁਲਾਂ ਪੁਰੀ ਮੋ: ਨੰਬਰ 94632੍89219 ਤੋਂ ?ਬਾਨੀ ਗੱਲਬਾਤ ਕਰਨ ਤੋਂ ਪਤਾ ਚਲਿਆ ਹੈ।

(2) ਮੈਂ ਨਾਸਤਿਕ ਕਿਉਂ ਹਾਂ : ਬਿਪਨ ਚੰਦਰ ਦੀ ਭੂਮਿਕਾ ਵਾਲੀ ਅਤੇ ਬਲਦੇਵ ਸਿੰਘ ਬੱਦਨ ਤੋਂ ਅਨੁਵਾਦਿਤ ਪੁਸਤਕ ਦੇ 4 ਭਾਗ ਹਨ :

(1) ਪ੍ਰਸਤਾਵਨਾ।

(2) ਭੂਮਿਕਾ।

(3) ਮੈਂ ਨਾਸਤਿਕ ਕਿਉਂ ਹਾਂ।

(4) ਪੁਸਤਕ ਡ੍ਰੀਮਲੈਂਡ ਦੀ ਭੂਮਿਕਾ

ਪ੍ਰਸਤਾਵਨਾ ਵਿੱਚ ਬਿਪਨ ਚੰਦਰ ਜੀ ਨੇ ਭਗਤ ਸਿੰਘ ਦਾ ਕਿਤਾਬਚਾ ਮੈਂ ਨਾਸਤਿਕ ਕਿਉਂ ਹਾਂ" ਦੀ ਉਥਾਨਕਾ, ਉਦੇਸ਼, ਜਿਸ ਮਾਹੌਲ ਵਿੱਚ ਲਿਖੀ ਗਈ ਅਤੇ ਸਮੇਂ ਦਾ ਉਲੇਖ ਕੀਤਾ ਹੈ।

ਭੂਮਿਕਾ ਵਿੱਚ, ਭਗਤ ਸਿੰਘ ਦੀ ਮੁੱਢਲੀ ਵੀਚਾਰਧਾਰਾ, ਕਾਲਜ ਵੇਲੇ ਦੇ ਪੁਸਤਕ ਅਧਿਐਨ ਪਿੱਛੋਂ ਮਾਨਸਿਕ ਪ੍ਰਵਿਰਤੀ ਅਤੇ ਨਾਸਤਿਕ ਬਿਰਤੀ ਦਾ ਵਿਸਲੇਸ਼ਨ ਕੀਤਾ ਹੈ।

ਅਗਲੇ ਭਾਗ ਵਿੱਚ ਭਗਤ ਸਿੰਘ ਦੀ ਮੂਲ ਕ੍ਰਿਤ ਪੇਸ਼ ਕੀਤੀ ਹੈ ਅਤੇ ਅਖੀਰ ਵਿੱਚ ਪ੍ਰਸਿੱਧ ਕ੍ਰਾਂਤੀਕਾਰੀ ਦੇਸ ਭਗਤ ਸ਼ਹੀਦ ਲਾਲਾ ਰਾਮ ਸਰਨਦਾਸ ਦੀ ਕਿਤਾਬ ॥ਡਰੀਮਲੈਂਡਤ (ਣਗ਼ਕਠ;੍ਅਦ) ਦੀ ਭਗਤ ਸਿੰਘ ਦੀ ਭਮਿਕਾ, ਵੱਲੋਂ ਲਿਖੀ ॥ਐਨ ਇੰਟ੍ਰੋਡਕਸ਼ਨ ਟੂ ਦੀ ਡਰੀਮ ਲੈਂਡ ਦਾ ਵੇਰਵਾ ਦਿੱਤਾ ਹੈ।

ਮਜੇ ਦੀ ਗੱਲ ਹੈ ਕਿ ਸਾਰੀ ਕਿਤਾਬ ਵਿੱਚ ਇਕ ਵਾਰੀ ਭੀ ਕਿਤੇ ਭਾਈ ਰਣਧੀਰ ਸਿੰਘ ਦਾ ਨਾਉਂ ਨਹੀਂ ਆਇਆ। ਜਿਹੜੇ ਬੰਦੇ ਇਹ ਕੋਰਾ ਝੂਠ ਬੋਲਕੇ ਪਾਠਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਭਾਈ ਸਾਹਿਬ ਨੇ ਮੁਲਾਕਾਤ ਸਮੇਂ ਸਰਦਾਰ ਭਗਤ ਸਿੰਘ ਨੂੰ ॥ਹੰਕਾਰੀ ਕਿਹਾ ਸੀ, ਦਾ ਸਪਸ਼ਟੀਕਰਨ ਇਸ ਕਿਤਾਬ ਤੋਂ ਮਿਲ ਜਾਂਦਾ ਹੈ।

ਸਰਦਾਰ ਭਗਤ ਸਿੰਘ ਆਪਣੀ ਪੁਸਤਕ ਮੈਂ ਨਾਸਤਕ ਕਿਉਂ ਹਾਂ" ਦੇ ਅਰੰਭ ਵਿੱਚ ਹੀ ਲਿਖ ਰਿਹਾ ਹੈ "ਪਰ ਆਪਣੇ ਕੁਝ ਮਿੱਤਰਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤ (ਜੇ ਮੈਂ ਉਨ੍ਹਾਂ ਨੂੰ ਆਪਣਾ ਦੋਸਤ ਮਨ ਕੇ ਬਹੁਤ ਜ਼ਿਆਦਾਆ ਹੱਕ ਨਹੀਂ ਜਤਾ ਰਿਹਾ ਹਾਂ ਤਾਂ) ਮੇਰੇ ਨਾਲ ਥੋੜ੍ਹੇ ਜਿਹੇ ਮੇਲਜੋਲ ਮਗਰੋਂ ਹੀ ਇਸ ਨਤੀਜੇ ਤੇ ਪਹੁੰਚ ਗਏ ਕਿ ਮੈਂ ਪਰਮਾਤਮਾ ਦੀ ਹੋਂਦ ਨੂੰ ਨਕਾਰ ਕੇ ਬੜੀ ਜਿਆਦਤੀ ਕਰ ਰਿਹਾ ਹਾਂ ਅਤੇ ਇਹ ਮੇਰੇ ਵਿੱਚ ਘੁਮੰਡ ਹੈ ਜਿਸ ਨੇ ਮੈਨੂੰ ਇਸ ਅਵਿਸਵਾਸ਼ ਲਈ ਪ੍ਰੇਰਿਤ ਕੀਤਾ ਹੈ।"

ਭਗਤ ਸਿੰਘ ਦੀ ਇਸ ਲਿਖਤ ਤੋਂ ਪ੍ਰਗਟ ਹੰਦਾ ਹੈ ਕਿ ਇਹ, ਜੇਲ੍ਹ ਜਾਣ ਤੋਂ ਪਹਿਲਾਂ ਦੀ ਆਪਣੇ ਕਾਮਰੇਡ ਮਿੱਤਰਾਂ ਦੀ ਟਿੱਪਣੀ ਤੋਂ ਪ੍ਰੇਰਿਤ ਹੋ ਕੇ ਲਿਖੀ ਹੈ ਨਾ ਕਿ ਭਾਈ ਸਾਹਿਬ ਨਾਲ ਮੁਲਾਕਾਤ ਤੋਂ ਪਿੱਛੋਂ। ਪਰ ਕਾਮਰੇਡਾਂ ਵੱਲੋਂ ਧੂੰਆਧਾਰ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਭਾਈ ਸਾਹਿਬ ਦੀ ਮੁਲਾਕਾਤ ਪਿੱਛੋਂ ਫਾਂਸੀ ਲੱਗਣ ਤੋਂ ਕੁਝ ਦਿਨ ਪਹਿਲਾਂ ਹੀ ਲਿਖੀ ਗਈ ਸੀ।

ਇਸ ਪੁਸਤਕ ਦੀ ਪ੍ਰਸਤਾਵਨਾ ਦੇ ਪਹਿਲੇ ਪਨੇ ਤੇ ਪ੍ਰੋ ਬਿਪਨ ਚੰਦਰ ਜੀ ਲਿਖਦੇ ਹਨ "॥ਭਗਤ ਸਿੰਘ ਨੇ ਜੇਲ੍ਹ ਵਿੱਚ ਚਾਰ ਪੁਸਤਕਾਂ ਲਿਖੀਆਂ ਅਤੇ ਇਕ ਪਰਚਾ ਲਿਖਿਆ ਸੀ, ਜੋ ਬਦਕਿਸਮਤੀ ਨਾਲ ਉਨ੍ਹਾਂ ਦੀਆਂ ਜੇਲ੍ਹ ਵਿੱਚੋਂ ਚੋਰੀ ਛੁਪੇ ਲਿਆਉਣ ਦੇ ਚੱਕਰ ਵਿੱਚ ਹੀ ਗੁਆਚ ਗਈਆਂ। ਇਨ੍ਹਾਂ ਲਿਖਤਾਂ ਨੂੰ ਆਪਣੇ ਕੋਲ ਰੱਖਣ ਦੇ ਜੁਰਮ ਵਿੱਚ ਹਰਜਾਨੇ ਦੀ ਭਾਰੀ ਰਕਮ ਦੇ ਡਰ ਕਾਰਨ, ਇਹ ਇਕ ਹੱਥ ਤੋਂ ਦੂਸਰੇ ਹੱਥ ਜਾਂਦੀਆਂ ਰਹੀਆਂ ਤੇ ਇਸ ਦੌਰਾਨ ਹੀ ਕਿਧਰੇ ਗੁੰਮ ਹੋ ਗਈਆਂ।"

ਜੇਲ੍ਹ ਵਿੱਚੋਂ ਬਾਹਰ ਲਿਆਉਣ ਵਾਲਾ/ਵਾਲੇ ਨਿਸਚੇ ਹੀ ਭਗਤ ਸਿੰਘ ਦੇ ਖਾਸ ਸਾਥੀ ਹੀ ਹੋ ਸਕਦੇ ਹਨ। ਅਸੀਂ ਕਦੇ ਅੰਦਾਜ਼ਾ ਹੀ ਨਹੀ ਕਰ ਸਕਦੇ ਕਿ ਭਗਤ ਸਿੰਘ ਦੇ ਇਨੇ ਨਜ਼ਦੀਕੀ ਸਾਥੀ ਇੰਨੇ ਡਰਪੋਕ ਹੋਣਗੇ ਕਿ ਹਰਜਾਨਾ ਭਰਨ ਦੇ ਡਰ ਤੋਂ ਆਪਣੇ ਪਿਆਰੇ ਰਹਿਬਰ ਦੀਆਂ ਮੌਲਿਕ ਲਿਖਤਾਂ ਹੀ ਗੁੰਮ ਕਰ ਦੇਣ ਅਤੇ ਹੁਣ ਤੱਕ ਦੇ ਲੰਮੇ ਸਮੇਂ ਤੱਕ ਇਹ ਲੱਭ ਨਹੀਂ ਸਕੀਆਂ।

ਅੱਗੇ ਪ੍ਰੋ ਬਿਪਨ ਚੰਦਰ ਜੀ ਲਿਖਦੇ ਹਨ ਸ਼ਹਾਦਤ ਤੋਂ ਕੁਝ ਦਿਨ ਜਾਂ ਕੁਝ ਹਫਤੇ ਪਹਿਲਾਂ ਲਿਖਿਆ ਗਿਆ ਇਹ ਪਰਚਾ "ਮੈਂ ਨਾਸਤਕ ਕਿਉਂ ਹਾਂ, ਖੁਸ਼ਕਿਸਮਤੀ ਨਾਲ ਉਨ੍ਹਾਂ ਦੇ ਪਿਤਾ ਹੱਥੀਂ ਚੋਰੀ ਛੁਪੇ ਜੇਲ੍ਹ ਤੋਂ ਬਾਹਰ ਆ ਗਿਆ। ਉਨ੍ਹਾਂ ਨੇ ਇਸ ਪਰਚੇ ਨੂੰ ਜੂਨ 1931 ਦੀ ਹਫਤਾਵਾਰੀ ਅਖ਼ਬਾਰ ( The people ) ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਅਖਬਾਰ ਦੀ ਸਥਾਪਨਾ ਲਾਲਾ ਲਾਜਪਤ ਰਾਏ ਨੇ ਕੀਤੀ। ਸੀ ਅਤੇ ਇਸ ਦੇ ਸੰਪਾਦਕ ਲਾਲਾ ਫਕੀਰ ਚੰਦ ਸਨ।

ਇਸ ਗੱਲ ਨੂੰ ਗਹਿਰਾਈ ਨਾਲ ਘੋਖਿਆਂ ਪਤਾ ਚੱਲੇਗਾ ਕਿ ਆਰੀਆ ਸਮਾਜ" ਅਤੇ ਆਰੀਆ ਸਮਾਜੀ ਲਾਲਾ ਲਾਲਾ ਲਾਜਪਤ ਰਾਏ ਨਾਸਤਿਕ ਨਹੀਂ ਸੀ। ਇਸ ਅਖਬਾਰ ਵਿੱਚ, ਪੁਰਜ਼ੋਰ, ਰੱਬ ਨੂੰ ਖੰਡਣ ਵਾਲੀ ਲਿਖਤ ਕਿਵੇਂ ਛਪ ਸਕਦੀ ਹੈ? ਫਿਰ ਲਾਲਾ ਲਾਜਪਤ ਰਾਏ

ਦਾ ਦਿਹਾਂਤ ਇਸ ਰਚਨਾ ਤੋਂ ਪਹਿਲਾਂ ਹੋ ਗਿਆ ਸੀ। ਇਸ ਪੁਸਤਕ ਦੇ ਪ੍ਰਕਾਸ਼ਨ ਦਾ ਸੰਮਤ ਤਤਕਰੇ ਵਾਲੇ ਪਨੇ ਤੋਂ ਪਹਿਲਾਂ ਦੇ ਪਨੇ ਦੇ ਹੇਠਾਂ 2007 ਹੈ । ਪਹਿਲੇ ਪ੍ਰਕਾਸ਼ਨ ॥1931@ ਤੋਂ ਪਿੱਛੋਂ ਇਸ ਦੇ ਦੁਬਾਰਾ ਪ੍ਰਕਾਸ਼ਨ ਦਾ ਕੋਈ ਵੇਰਵਾ ਇਸ ਕਿਤਾਬ ਵਿੱਚੋਂ ਕਿਤੇ ਨਹੀਂ ਮਿਲਦਾ। 1931 ਤੋਂ ਪਿੱਛੋਂ 2007 ਤੱਕ 76 ਸਾਲ ਦੇ ਲੰਮੇ ਦੇ ਸਮੇਂ ਤੱਕ ਇਸ ਪੁਸਤਕ ਦੇ ਗੁੰਮ ਰਹਿਣ ਦਾ ਕੀ ਕਾਰਨ ਹੈ, ਕੁਝ ਪਤਾ ਨਹੀਂ ਚੱਲਦਾ। ਇਸ ਪਿੱਛੇ ਕੋਈ ਗਹਿਰਾ ਰਾਜ਼ ਛੁਪਿਆ ਹੋਇਆ ਹੈ ਜੋ ਕਿ ਅੱਗੇ ਜਾ ਕੇ ਪ੍ਰਗਟ ਕਰਾਂਗੇ।

ਭਾਈ ਰਣਧੀਰ ਸਿੰਘ ਜੀਵਨ (ਜੇਲ੍ਹ ਯਾਤਰਾ ਦਾ ਸਮਾਂ) ਦੀਆਂ ਸੱਚੀਆਂ ਘਟਨਾਵਾਂ ਜੋ ਉਨ੍ਹਾਂ ਆਪਣੇ ਮਿੱਤਰ ਗਿਆਨੀ ਨਾਹਰ ਸਿੰਘ ਨੂੰ ਲਿਖੀਆਂ ਦੀ ਪੁਸਤਕ "ਜੇਲ੍ਹ ਚਿੱਠੀਆਂ" ਦੀ ਪਹਿਲੀ ਐਡੀਸ਼ਨ ਦਾ ਪਹਿਲਾ ਅਤੇ ਦੂਜਾ ਹਿੱਸਾ 1936 ਵਿੱਚ ਅਤੇ ਤੀਸਰਾ ਹਿੱਸਾ 1938 ਵਿੱਚ ਛਪਿਆ। ਦੋਨਾਂ ਭਾਗਾਂ ਨੂੰ ਇੱਕਠਾ ਕਰਕੇ ਅਤੇ ਹੋਰ ਵਾਧਾ ਕਰਕੇ ਇਹ ਪੁਸਤਕ ਜਨਵਰੀ 1951 ਵਿੱਚ ਛਾਪੀ ਗਈ। ਤੀਜੀ ਵਾਰ ਤਿੰਨੇ ਹਿੱਸੇ ਇੱਕਠੇ ਕਰਕੇ 1956 ਵਿੱਚ, ਉਸ ਪਿੱਛੋਂ ਉਹ ਲਗਾਤਾਰ ਛਪ ਰਹੀ ਹੈ ਅਤੇ ਚੌਧਵੀਂ ਵਾਰ 2010 ਵਿੱਚ ਛਪੀ ਹੈ।

ਭਾਈ ਰਣਧੀਰ ਸਿੰਘ ਜੀ  ਦਾ ਅਕਾਲ ਚਲਾਣਾ 16 ਅਪ੍ਰੈਲ 1961 ਨੂੰ ਉਨ੍ਹਾਂ ਦੇ ਲੜਕੇ ਭਾਈ ਬਲਬੀਰ ਸਿੰਘ ਦੀ ਕੋਠੀ ਨੰ: 79 ਮਾਡਲ ਟਾਊਨ ਲੁਧਿਆਣਾ ਵਿੱਚ ਹੋਇਆ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਕਿਤਾਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਹੁੰਦਿਆਂ ਤਿੰਨ ਵਾਰੀ ਛਪ ਚੁੱਕੀ ਸੀ।

ਇਹ ਨਹੀਂ ਹੋ ਸਕਦਾ ਕਿ ਕਿਸੇ ਕਾਮਰੇਡ ਨਾਸਤਕੀ ਬੰਦੇ ਨੇ ਇਹ ਕਿਤਾਬ ਨਾ ਪੜ੍ਹੀ ਹੋਵੇ ਜਾਂ ਕਿਸੇ ਨਾਸਤਿਕ ਨੇ ਇਸ ਕਿਤਾਬ ਅੰਦਰ ਵਰਨਿਤ ਭਗਤ ਸਿੰਘ ਦੀ ਮੁਲਾਕਾਤ ਦੇ ਵੇਰਵਿਆਂ ਦਾ ਪਤਾ ਨਾ ਲੱਗਾ ਹੋਵੇ। ਪਰ ਕਿਉਂਕਿ ਭਾਈ ਸਾਹਿਬ ਦੇ ਜੀਵਨ ਕਾਲ ਦੇ ਨਾਸਤਿਕ ਸਾਥੀ, ਭਾਈ ਸਾਹਿਬ ਦੇ ਆਚਾਰ, ਵਿਵਹਾਰ, ਕਿਰਾਦਾਰ ਅਤੇ ਆਤਮਿਕ ਔਜ ਤੋਂ ਭਲੀ ਪ੍ਰਕਾਰ ਜਾਣੂ ਸਨ। ਇਸ ਲਈ ਕਿਸੇ ਇਕ ਬੰਦੇ ਨੇ ਭੀ ਇਸ ਮੁਆਮਲੇ ਬਾਰੇ ਕਿੰਤੂ ਪ੍ਰੰਤੂ ਨਹੀਂ ਕੀਤਾ। ਜੇਲ੍ਹ ਚਿੱਠੀਆਂ ਦੇ ਪਸਾਰ, ਪ੍ਰਸਾਰਣ ਅਤੇ ਲੋਕ ਪ੍ਰਿਆ ਨਾਲ ਨਾਸਤਕੀ ਵੀਚਾਰਧਾਰਾ ਦੇ ਪਰਖਚੇ ਉੱਡ ਗਏ ਹਨ। ਇਸ ਲਈ ਨਵੇਂ ਜਨਮੇ ਨਾਸਤਿਕ ਛੋਕਰੂਆਂ ਨੇ ਹਾਲ ਪਾਹਰਿਆ ਪਾ ਰੱਖਿਆ ਹੈ। ਇਨ੍ਹਾਂ ਦਾ ਇਹ ਖੁੜਦੁੰਬ ਤਕਰੀਬਨ 1990 ਦੇ ਆਸ੍ਪਾਸ ਸੁਰੂ ਹੋਇਆ ਹੈ। ਇਸ ਦਾ ਇਕ ਵੱਡਾ ਕਾਰਨ ਨਾਸਤਕੀ ਟੋਲੇ ਦਾ ਸਿੱਖੀ ਭੇਸ ਵਿੱਚ ਘੁਸਪੈਠ ਕਰਕੇ ਸਿੱਖ ਮਿਸ਼ਨਰੀ ਕਾਲਜ ਦੇ ਨਾਮ ਹੇਠ ਭਾਈ ਰਣਧੀਰ ਨੂੰ ਬ੍ਰਹਮਣਵਾਦੀ ਪ੍ਰਚਾਰ ਕੇ ਭੰਡਣਾ ਸ਼ੁਰੂ ਕੀਤਾ। ਇਸੇ ਤਰ੍ਹਾਂ ਇਨ੍ਹਾਂ ਨੇ ਪਹਿਲਾਂ ਭਾਈ ਵੀਰ ਸਿੰਘ ਜੀ ਨਾਲ ਕੀਤਾ ਸੀ। ਮੈਂ 1977 ਤੋਂ ਸਿੱਖ ਮਿਸ਼ਨਰੀ ਕਾਲਜ ਵੱਲੋਂ ਪ੍ਰਕਾਸ਼ਿਤ ਸਾਹਿਤ ਪੜ੍ਹਦਾ ਆ ਰਿਹਾ ਹਾਂ। ਇਨ੍ਹਾਂ ਨੇ ਕਦੇ ਭੀ ਭਾਈ ਵੀਰ ਸਿੰਘ ਜਾਂ ਭਾਈ ਰਣਧੀਰ ਸਿੰਘ ਜੀ ਬਾਰੇ ਕੁਝ ਨਹੀਂ ਲਿਖਿਆ। ਗਿਆਨੀ ਸੰਤ ਸਿੰਘ ਜੀ ਮਸਕੀਨ ਦਾ ਟੀਵੀ ਤੋਂ ਪ੍ਰਸਾਰਣ ਹੋਣ ਨਾਲ, ਇਹ ਭਾਈ ਪਿੰਦਰਪਾਲ ਸਿੰਘ ਜੀ ਦੀ ਟੀਵੀ ਤੇ ਆ ਰਹੀ ਕਥਾ ਅਤੇ ਸੁਕ੍ਰਿਤ ਟ੍ਰਸਟ ਦੀਆਂ ਗਤੀਵਿਧੀਆਂ ਅਤੇ ਗੁਰੂ ਕੇ ਪਿਆਰ ਵਾਲੀਆਂ  ਰੂਹਾਂ ਦੀ ਫਿਟਕਾਰਾਂ ਤੋਂ ਪਰੇਸਾਨ ਹੋ ਕੇ, ਇਹ ਪਿਛਲੇ ਸਾਲ ਤੋਂ ਭਾਈ ਵੀਰ ਸਿੰਘ ਜੀ ਵਾਰੇ ਤਾਂ ਕੁਝ ਲਿਖਣ ਲੱਗ ਪਏ; ਪਰ ਭਾਈ ਰਣਧੀਰ ਸਿੰਘ ਜੀ ਨੂੰ ਹੁਣ ਭੀ ਇਨ੍ਹਾਂ ਨੇ ਨਜ਼ਰ ਅੰਦਾਜ਼ ਕਰ ਰੱਖਿਆ ਹੈ।

ਇਸ ਸਾਰੀ ਵਾਰਤਾ ਨੂੰ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਕਾਮਰੇਡੀ ਨਾਸਤਿਕ ਕਲਮਾਂ ਕਿਸ ਤਰ੍ਹਾਂ ਝੂਠ ਬੋਲ ਕੇ ਆਮ ਪਾਠਕਾਂ ਨੂੰ ਗੁਮਰਾਹ ਕਰ ਰਹੀਆਂ ਹਨ ਅਤੇ ਇਨ੍ਹਾਂ ਅੰਦਰ ਕਿਸ ਤਰਾਂ ਸਿੱਖ ਸ਼ਖ਼ਸੀਅਤਾਂ ਅਤੇ ਸਿੱਖ ਧਰਮ ਲਈ ਨਫ਼ਰਤ ਭਰੀ ਹੋਈ ਹੈ।

ਕਨਵਰ ਅਜੀਤ ਸਿੰਘ

---

## ਸਾਰਾਗੜ੍ਹੀ ਬਨਾਮ ਕਾਮਰੇਡੀ ਦੁਖੜੇ

ਕਨਵਰ ਅਜੀਤ ਸਿੰਘ

ਸਾਰਾਗੜ੍ਹੀ ਦੀ ਲੜਾਈ ਵਿਚ ਸਿੱਖ ਰੈਜਮੈਂਟ ਦੇ ਇੱਕੀ ਜਵਾਨਾਂ ਨੇ ਬਾਰਾਂ ਹਜ਼ਾਰ ਕਬਾਇਲੀ ਖ਼ੂੰਖਾਰ,ਜਨਮ ਤੋਂ ਲੁੱਟ-ਖੋਹ ਕਰਕੇ ਖਾਣ ਵਾਲੇ ਪਠਾਣਾਂ ਦਾ ਡਟ ਕੇ ਮੁਕਾਬਲਾ ਕੀਤਾ। ਹਵਾਲਦਾਰ ਈਸ਼ਰ ਸਿੰਘ ਦੀ ਕਮਾਨ ਹੇਠ ਵੀਹ ਫੌਜੀ ਸਿੰਘ ਅਤੇ ਇਕ ਲਾਂਗਰੀ, ਪੁਰਜ਼ਾ ਪੁਰਜ਼ਾ ਕਟ ਕੇ ਸ਼ਹੀਦ ਹੋ ਗਏ ਪਰ ਹਥਿਆਰ ਸੁੱਟ ਕੇ ਆਤਮ ਸਮਰਪਣ ਨਹੀਂ ਕੀਤਾ।ਜਦ ਕਿ ਅੰਗਰੇਜ਼ ਇੰਚਾਰਜ ਅਫਸਰ ਉਨ੍ਹਾਂ ਨੂੰ ਵਾਰ-ਵਾਰ ਕਹਿ ਰਹੇ ਸੀ ਕਿ ਅਸੀਂ ਤੁਹਾਡੇ ਲਈ ਕੋਈ ਕੁਮਕ ਨਹੀਂ ਭੇਜ ਸਕਦੇ।ਇਕੀ ਸਿੱਖਾ ਨੇ ਦੁਸ਼ਮਣ ਦੇ ਸੱਤ ਸੌ ਤੋਂ ਉਪਰ ਬੰਦੇ ਮਾਰ ਗਿਰਾਏ ਸੀ।ਇਹ ਵਾਰਤਾ 1897 ਦੇ ਸਤੰਬਰ ਮਹੀਨੇ ਦੀ ਦੱਸੀ ਜਾਂਦੀ ਹੈ।

ਜਦ ਸਾਰੀ ਰਿਪੋਰਟ ਇੰਗਲੈਂਡ ਦੀ ਮਲਕਾ ਵਿਕਟੋਰੀਆ ਕੋਲ ਪਹੁੰਚੀ ਤਾਂ ਪਲਟਣ ਦੇ ਸਾਰੇ ਜਵਾਨਾਂ ਨੂੰ ਉਸ ਵੇਲੇ ਦੇ ਪੰਜ ਸੌ ਰੁਪਏ ਹਰ ਇਕ ਦੇ ਵਾਰਿਸਾਂ ਨੂੰ ਨਕਦ ਇਨਾਮ ਅਤੇ ਦਸ ਦਸ ਏਕੜ ਜ਼ਮੀਨ ਇਨਾਮ ਵੱਜੋਂ ਦਿੱਤੀ ਗਈ। ਅੰਗਰੇਜ਼ੀ ਸਰਕਾਰ ਵੇਲੇ ਸਾਰੀਆਂ ਫੌਜਾਂ ਇਹ ਦਿਹਾੜਾ ਮਨਾਉਂਦਿਆਂ ਸਨ। ਦੇਸ਼ ਆਜ਼ਾਦ ਹੋਣ ਉਪਰੰਤ ਕੇਵਲ ਸਿੱਖ ਪਲਟਣਾਂ ਹੀ ਇਹ ਦਿਹਾੜਾ ਮਨਾਉਂਦਿਆਂ ਹਨ।

ਦੁਨੀਆਂ ਦੀ ਸਰਵ ਉੱਚ ਸੰਸਥਾ ਅਨੁਸਾਰ ਇਹ ਲੜਾਈ ਦੁਨੀਆਂ ਦੀਆਂ ਅੱਠ ਵੱਡੀਆਂ ਲੜਾਈਆਂ ਵਿਚ ਮੰਨੀ ਜਾਂਦੀ ਹੈ। ਇੰਗਲੈਂਡ ਅਤੇ ਫਰਾਂਸ ਦੇ ਸਕੂਲਾਂ ਵਿਚ ਇਹ ਪੜ੍ਹਾਈ ਜਾਂਦੀ ਹੈ।

ਸਿੱਖਾਂ ਦੇ ਕਿਸੇ ਵੀ ਗੌਰਵਮਈ ਕੰਮ ਨੂੰ ਪੜ੍ਹ ਸੁਣਕੇ ਕਾਮਰੇਡਾਂ ਦੇ ਸੀਨੇ ਤੇ ਸੱਪ ਮੇ੍ਹਲਣ ਲੱਗ ਜਾਂਦਾ ਹੈ ਇਸ ਲਈ ਇਸ ਨੂੰ ਭੰਡਣ ਲਈ ਬਹਾਨੇ ਲੱਭਦੇ ਹਨ।



ਜਦੋਂ ਕੋਈ ਐਸਾ ਮਸਲਾ ਸਾਹਮਣੇ ਆਵੇ ਤਾਂ ਕਾਮਰੇਡੀ ਦਾਨਿਸ਼ਵਰ ਇਸ ਦਾ ਤੋੜ ਲੱਭਣ ਲਈ ਲੰਬੀਆਂ ਬੈਠਕਾਂ ਕਰ ਕੇ ਇਸ ਦਾ ਤੋੜ ਲੱਭਦੇ ਹਨ।

ਕਿਉਂਕਿ ਸਾਰਾਗੜ੍ਹੀ ਦੇ ਬਰਾਬਰ ਦੀ ਕੋਈ ਮਿਸਾਲ ਅੱਜ ਤੱਕ ਦੇ ਕਾਮਰੇਡਾਂ ਦੇ ਇਤਿਹਾਸ ਵਿਚ ਨਹੀਂ ਮਿਲਦੀ ਇਸ ਲਈ ਕਾਮਰੇਡਾਂ ਨੇ ਆਪਣੀ ਸਾਖ ਬਚਾਉਣ ਲਈ ਹੱਲ ਲੱਭ ਲਿਆ।

ਕਾਮਰੇਡਾਂ ਨੇ ਪ੍ਰਚਾਰ ਕੀਤਾ ਕਿ ਪਠਾਣ ਆਪਣਾ ਦੇਸ਼ ਆਜ਼ਾਦ ਕਰਾਉਣ ਲਈ ਲੜ ਰਹੇ ਸਨ ਅਤੇ ਸਿੱਖਾਂ ਨੈ ਅੰਗਰੇਜ਼ੀ ਗੁਲਾਮੀ ਅਧੀਨ ਅੰਗ੍ਰੇਜ਼ਾਂ ਦੇ ਪਿੱਠੂ ਬਣ ਕੇ ਪਠਾਣਾਂ ਦੀ ਆਜ਼ਾਦੀ ਵਿਰੁੱਧ ਲੜੇ।

ਇਹ ਸਭ ਨੂੰ ਪਤਾ ਹੈ ਕਿ ਇਸ ਇਲਾਕੇ ਦੇ ਕਬਾਇਲੀ ਖੂੰਖਾਰ ਪਠਾਣਾਂ ਦਾ ਲੁੱਟ ਕੇ ਖਾਣਾ ਸਦੀਆਂ ਤੋਂ ਜਨਮ ਸਿੱਧ ਅਧਿਕਾਰ ਮੰਨਿਆ ਜਾਂਦਾ ਹੈ। ਇਸੇ ਇਲਾਕੇ ਅਤੇ ਇਸ ਤੋਂ ਉਪਰਲੇ ਇਲਾਕੇ ਤੋਂ ਹਿੰਦੁਸਤਾਨ ਨੂੰ ਲੁਟਣ ਲਈ ਬਾਬਰ, ਨਾਦਰਸ਼ਾਹ,ਐਹਮਦ ਸ਼ਾਹ ਅਬਦਾਲੀ ਆਦਿ ਸਾਡੇ ਦੇਸ਼ ਦਾ ਧਨ ਦੌਲਤ ਅਤੇ ਹੁਸਨ ਲੁੱਟ ਕੇ ਆਪਣੇ ਦੇਸ਼ ਲਿਜਾਂਦੇ ਰਹੇ ਸਨ ਅਤੇ ਗਜ਼ਨੀ ਦੇ ਬਾਜ਼ਾਰਾਂ ਵਿਚ ਹਿੰਦੁਸਤਾਨ ਤੋਂ ਲੁੱਟ ਕੇ ਬਹੂ ਬੇਟੀਆਂ ਟਕੇ ਟਕੇ ਨੂੰ ਨਿਲਾਮ ਕਰਦੇ ਰਹੇ ਸਨ।ਅੱਜ ਤੱਕ ਦੇ ਇਤਿਹਾਸ ਵਿਚ ਮਾਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਇਨ੍ਹਾਂ ਨੂੰ ਕੋਈ ਕਾਬੂ ਨਹੀਂ ਕਰ ਸਕਿਆ।

ਦੇਸ਼ ਦੇ ਵਾਪਾਰੀਆਂ ਦੀ ਪਠਾਣਾਂ ਹੱਥੋਂ ਲੁੱਟ ਖੋਹ ਤੋਂ ਬਚਾਉਣ ਲਈ ਪਹਿਲਾਂ ਮਾਹਾਰਾਜਾ ਰਣਜੀਤ ਸਿੰਘ ਨੇ ਇਸ ਖੇਤਰ ਵਿਚ ਚੌਕੀਆਂ ਬਣਾਈਆਂ ਅਤੇ ਉਸੇ ਤਰਜ਼ ਤੇ ਅੰਗਰੇਜ਼ਾਂ ਨੇ ਸਾਰਾਗੜ੍ਹੀ,ਲੌਕਹਰਟ ਅਤੇ ਹੋਰ ਚੌਕੀਆਂ ਬਣਾਈਆਂ। ਇਨ੍ਹਾਂ ਚੌਕੀਆਂ ਤੇ ਮੁਸਤੈਦੀ ਨਾਲ ਇਨ੍ਹਾਂ ਪਠਾਣਾਂ ਦੀ ਲੁੱਟ-ਖਸੁੱਟ ਬੰਦ ਹੋ ਗਈ ਅਤੇ ਇਹ ਕਚੀਚੀਆਂ ਵੱਟਣ ਲੱਗ ਪਏ ਕਿ ਕਿਸ ਤਰ੍ਹਾਂ ਇਹ ਚੌਕੀਆਂ ਖ਼ਤਮ ਕੀਤੀਆਂ ਜਾਣ।ਇਹ ਕਾਰਨ ਸੀ ਇਸ ਲੜਾਈ ਦਾ ਜਿਸਨੂੰ ਕਾਮਰੇਡ ਟੋਲਾ ਦੇਸ਼ ਦੀ ਆਜ਼ਾਦੀ ਲਈ ਲੜਾਈ ਦਾ ਕੂੜ ਪ੍ਰਚਾਰ ਕਰ ਰਿਹਾ ਹੈ। ਸਾਰਾਗੜ੍ਹੀ ਦੀ ਲੜਾਈ ਵਿਚ ਸਿੱਖ ਸੂਰਬੀਰਾਂ ਦੀ ਬਹਾਦਰੀ ਨਾਲ ਇਨ੍ਹਾਂ ਦੇ ਹੌਸਲੇ ਪਸਤ ਹੋ ਗਏ।

ਸਾਰਾਗੜ੍ਹੀ ਦੀ ਲੜਾਈ ਵਿਚ ਸਿੱਖਾਂ ਨੂੰ ਬਦਨਾਮ ਕਰਨ ਵਾਲੇ ਕਾਮਰੇਡ ਇਹ ਦੱਸਣ ਕਿ ਪਿਛਲੀ ਸਦੀ ਵਿਚ ਜਦ ਰੂਸ ਦੀ ਲਾਲ ਫੌਜ ਅਫ਼ਗ਼ਾਨਿਸਤਾਨ ਵਿਚ ਦਸ ਸਾਲ ਰਹੀ ਤਾਂ ਉਹ ਪਠਾਣਾਂ ਨੂੰ ਆਜ਼ਾਦ ਕਰਵਾਉਣ ਲਈ ਆਈ ਸੀ? ਦੱਸ ਸਾਲਾਂ ਵਿਚ ਰੂਸ ਦੀਆਂ ਫੌਜਾਂ ਨੇ ਅਤਿ ਘਿਨਾਉਣੇ ਅਤਿਆਚਾਰ ਪਠਾਣਾਂ ਤੇ ਕੀਤੇ ਅਤੇ ਇੱਥੋਂ ਦੀਆਂ ਬਾਹੂ ਬੇਟੀਆਂ ਤੇ ਕੀਤੇ।ਪਠਾਣ ਡਟੇ ਰਹੇ,ਰੂਸੀ ਫੌਜ ਦੀਆਂ ਨਲੀਆਂ ਕਢਾ ਦਿੱਤੀਆਂ।ਇਹ ਸਰਕਾਰੇ ਖਾਲਸਾ ਦਾ ਨਲਵਾ ਸਰਦਾਰ ਸੀ ਜਿਸ ਨੇ ਪਠਾਣਾਂ ਦੀਆਂ ਨਲੀਆਂ ਕਢਾ ਦਿੱਤੀਆਂ ਸਨ।ਜੇ ਸਾਰਾਗੜ੍ਹੀ ਦੀ ਲੜਾਈ ਵੇਲੇ ਕਬਾਇਲੀ ਪਠਾਣਾਂ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜੇ ਸੀ ਤਾਂ ਫਿਰ ਇਸ ਤੋਂ ਪਿੱਛੋਂ ਹੋਰ ਕੋਈ ਲੜਾਈ ਕਿਉਂ ਨਹੀਂ ਲੜੀ?

ਇਨ੍ਹਾਂ ਕਬਾਇਲੀ ਪਠਾਣਾਂ ਦੇ ਪੂਰਬਜ ਵੀ ਲੁਟੇਰੇ ਸਨ ਅਤੇ ਅੱਜ ਦੇ ਇਨ੍ਹਾਂ ਦੇ ਵਾਰਿਸ ਤਾਲਿਬਾਨ ਨੇ ਵੀ ਸਾਰੀ ਦੁਨੀਆਂ ਨੂੰ ਵਖ਼ਤ ਪਾ ਛੱਡਿਆ ਹੈ। ਸਾਰਾਗੜ੍ਹੀ ਦੀ ਲੜਾਈ ਦੇ ਸਿੱਖ ਸ਼ਹੀਦਾਂ ਨੂੰ ਭੰਡਣ ਵਾਲੇ ਕਾਮਰੇਡਾਂ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਤਾਲਿਬਾਨ ਦੇ ਹੱਕ ਵਿੱਚ ਜਾ ਕੇ ਉੱਥੇ ਲੜੋ ਅਤੇ ਉੱਥੋਂ ਦੀ ਨਾਗਰਿਕਤਾ ਹਾਸਲ ਕਰਕੇ ਉੱਥੇ ਰਹੋ, ਫਿਰ ਪਤਾ ਲੱਗੂ ਕੀ ਭਾ ਵਿਕਦੀ ਹੈ

ਕਨਵਰ ਅਜੀਤ ਸਿੰਘ

# ਭਗਤ ਸਿੰਘ ਦੀ ਸੋਚ

ਕਨਵਰ ਅਜੀਤ ਸਿੰਘ



ਚਾਲੀ ਮੁਕਤਿਆਂ ਦਾ ਸ਼ਹੀਦੀ ਦਿਹਾੜਾ ਤਾਂ ਵੈਸੇ ਹਰ ਸਾਲ ਸੰਗਤਾਂ ਮਨਾਉਦੀਆਂ ਹਨ ਪਰ 2005 ਵਿਚ ਇਹ ਸ਼ਹੀਦੀ ਸਮਾਗਮ ਵਿਲੱਖਣ ਤੌਰ ’ਤੇ ਮਨਾਇਆ ਗਿਆ। ਪਹਿਲੀ ਗੱਲ ਤਾਂ ਇਹ ਕਿ ਜਿਸ ਦਿਨ ਇਹ ਸਾਕਾ 400 ਸਾਲ ਪਹਿਲਾਂ ਹੋਇਆ ਉਸੇ ਦਿਨ ਭਾਵ, 4, 5 ਮਈ ਨੂੰ ਮਨਾਇਆ ਗਿਆ। ਜਦਕਿ ਰਵਾਇਤ ਅਨੁਸਾਰ ਮਾਘੀ ਨੂੰ ਮਨਾਇਆ ਜਾਂਦਾ ਹੈ।

ਦੂਸਰੀ ਗੱਲ ਇਹ ਕਿ ਘਟਨਾ ਦੀ ਚੌਥੀ ਸ਼ਤਾਬਦੀ ਹੋਣ ਕਾਰਨ ਸਰਕਾਰੀ ਤੌਰ ’ਤੇ ਪੂਰੀ ਤਨ ਦੇਹੀ ਨਾਲ ਸ਼ਮੂਲੀਅਤ ਦੇਖੀ ਗਈ। ਚੌਥੀ ਸ਼ਤਾਬਦੀ ਦੇ ਸਬੰਧ ਵਿਚ ਮੁਕਤਸਰ ਸਾਹਿਬ “ਮੁਕਤਾ ਮੀਨਾਰ” ਰੂਪ ਉਚਾ ਖੰਡਾ ਬਣਾਇਆ ਗਿਆ ਜਿਸ ਦੇ ਆਲੇ-ਦੁਆਲੇ ਬਣਾਏ ਚਾਲੀ ਚੱਕਰ ਮੁਕਤਿਆਂ ਦੀ ਪ੍ਰਤੀਨਿਧਤਾ ਦਰਸਾਉਦੇ ਸਨ। ਸਰਕਾਰੀ ਤੌਰ ’ਤੇ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ, ਕਵੀ ਦਰਬਾਰ ਕਰਵਾਇਆ ਗਿਆ, ਸੈਮੀਨਾਰ, ਗੋਸ਼ਟੀਆਂ ਅਤੇ ਨਾਟਕ ਕਰਵਾਏ ਗਏ। ਇੰਨੀ ਵੱਡੀ ਪੱਧਰ ਦੇ ਸਮਾਗਮ ਵਿਚ ਅਖੌਤੀ ਪੰਥਕ ਲੀਡਰ ਅਤੇ ਨੀਲੀਆਂ ਪੱਗਾਂ ਦੀ ਅਣਹੋਂਦ ਅੱਖਾਂ ਨੂੰ ਰੜਕਦੀ ਰਹੀ।

ਸਰਕਾਰ ਨੇ ਤਾਂ ਪੈਸਾ ਹੀ ਦੇਣਾ ਸੀ, ਸੋ ਪੂਰਾ ਦਿਲ ਖੋਲ੍ਹ ਕੇ ਖਰਚ ਕੀਤਾ ਗਿਆ। ਜਨਤਾ ਨੂੰ ਕੀ ਸੰਦੇਸ਼ ਦੇਣਾ ਹੈ ਇਹ ਪ੍ਰਬੰਧਕਾਂ ’ਤੇ ਨਿਰਭਰ ਕਰਦਾ ਹੈ, ਇਸ ਲਈ ਪ੍ਰਬੰਧਕਾਂ ਨੇ ਮੌਕੇ ਦਾ ਫਾਇਦਾ ਉਠਾ ਕੇ ਸਰਕਾਰੀ ਖਰਚੇ ’ਤੇ ਚਾਲੀ ਮੁਕਤਿਆਂ, ਮਾਈ ਭਾਗੋ ਜਾਂ ਦਸ਼ਮੇਸ਼ ਪਿਤਾ ਦੀ ਵਿਚਾਰਧਾਰਾ ਨੂੰ ਦਰ ਕਿਨਾਰ ਕਰ ਕੇ ਕਾਮਰੇਡੀ ਵਿਚਾਰਧਾਰਾ ਨੂੰ ਪ੍ਰਮੁੱਖਤਾ ਦਿੱਤੀ।

ਸੈਮੀਨਾਰ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਾਂ ਦਿੱਲੀ ਤੋਂ ਉਹੀ ਵਕਤੇ ਬੁਲਾਏ ਗਏ ਜੋ ਪ੍ਰਬੰਧਕਾਂ ਦੀ ਸੋਚ ਦੇ ਹਾਮੀ ਸਨ। ਕੁਝ ਕੁ ਦਾੜ੍ਹੀਆਂ ਕੱਟੀਆਂ ਹੋਈਆਂ ਵਾਲੇ, ਕੁਝ ਖੁੱਲ੍ਹੀਆਂ ਦਾੜ੍ਹੀਆਂ ਵਾਲੇ, ਜਿਨ੍ਹਾਂ ਨੂੰ ਅੱਜ ਤੋਂ ਕਾਫ਼ੀ ਦੇਰ ਪਹਿਲਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਉਪਰਾਲੇ ਸਦਕਾ ਉਨ੍ਹਾਂ ਦੀਆਂ ਲਿਖਤਾਂ ਕਾਰਨ (ਗੁਰਬਾਣੀ ਅੱਜ ਦੇ ਯੁੱਗ ਲਈ ਰੈਲੇਵੈਂਟ ਨਹੀਂ) ਅਕਾਲ ਤਖ਼ਤ ਤੇ ਤਲਬ ਕੀਤਾ ਗਿਆ ਅਤੇ ਉਨ੍ਹਾਂ ਨੂੰ ਆਪਣੇ ਹਰ ਇਕ ਨੁਕਤੇ ’ਤੇ ਮੁਆਫ਼ੀ ਮੰਗਣੀ ਪਈ।

ਸੈਮੀਨਾਰ ਹਾਲ ਵਿਚ ਤਕਰੀਬਨ ਦੋ ਸੌ ਸਕੂਲੀ ਵਿਦਿਆਰਥੀ ਹਾਜ਼ਰ ਸਨ ਜੋ ਸਭ ਮੋਨੇ ਸਨ। ਸਟੇਜ ਸੰਚਾਲਕ ਸ੍ਰੀ ਓਮ ਪ੍ਰਕਾਸ਼ ਗਾਸੋ ਜੀ ਬੜੀ ਮਿੱਠੀ ਜ਼ੁਬਾਨ ਵਿਚ ਵਾਰ-ਵਾਰ ਰਾਜੇ ਬੇਟੇ ਨਾਲ ਬੱਚਿਆਂ ਨੂੰ ਸੰਬੋਧਨ ਕਰਦੇ ਸੀ ਸਾਰੇ ਸਮੇਂ ਵਿਚ ਇਕ ਵਾਰ ਭੀ ਖਾਲਸਾਈ ਆਦਰਸ਼ ਨਾਲ ਬੱਚਿਆਂ ਦੀ ਸਾਂਝ ਪੁਆਉਣ ਦੀ ਖੇਚਲ ਨਹੀਂ ਕਰ ਸੱਕੇ। ਬਾਕੀ ਵਕਤੇ ਭੀ ਆਪਣੀ ਲੱਛੇਦਾਰ ਤਲਿਸਮੀ ਭਾਸ਼ਾ ਵਿਚ ਬੱਚਿਆਂ ਦੀ ਮਾਨਸਿਕਤਾ ਅਨੁਸਾਰ ਕੋਈ ਗੱਲ ਨਹੀਂ ਕਰ ਸਕੇ ਜਿਸ ਨਾਲ ਬੱਚਿਆਂ ਦੇ ਮਨਾਂ ਵਿਚ ਖਾਲਸਾਈ ਸਪਿਰਟ ਪੈਦਾ ਹੋ ਸਕਦੀ।

ਬਦਕਿਸਮਤੀ ਨਾਲ, ਸਮਾਗਮ ਦੇ ਮੁੱਖ ਮਹਿਮਾਨ ਸ੍ਰ. ਕੁਲਬੀਰ ਸਿੰਘ ਸਿੱਧੂ ਆਈ. ਏ. ਐਸ. ਨੇ ਪ੍ਰਬੰਧਕਾਂ ਤੋਂ ਬਾਹਰ ਜਾ ਕੇ ਆਪਣੇ ਤੌਰ ’ਤੇ, ਮਾਈ ਭਾਗੋ ਬ੍ਰਿਗੇਡ ਦੀ ਸੰਸਥਾ ਨੂੰ ਭੀ ਇਤਿਹਾਸਕ ਚਿੱਤਰਾਂ ਦੀ ਨੁਮਾਇਸ਼ ਲਗਾਉਣ ਅਤੇ ਇਤਿਹਾਸਕ ਫਿਲਮ ਦਿਖਾਉਣ ਲਈ ਨਿਮੰਤਰਤ ਕੀਤਾ ਹੋਇਆ ਸੀ। ਸੰਸਥਾ ਦੀ ਮੁਖੀ ਡਾ. ਕੁਲਵੰਤ ਕੌਰ ਨੇ ਜਦ ਆਪਣੇ ਭਾਸ਼ਣ ਵਿਚ ਇਹ ਉਲਾਂਭਾ ਦਿੱਤਾ ਕਿ ਚਾਲੀ ਮੁਕਤਿਆਂ ਨਾਲ ਸਬੰਧਤ ਮਾਈ ਭਾਗੋ ਦੀ ਯਾਦ ਦੇ ਸਮਾਗਮ ਵਿਚ ਕੋਈ ਇਸਤਰੀ ਵਕਤਾ ਕਿਉ ਨਹੀਂ ਬੁਲਾਈ ਗਈ ਤਾਂ ਪ੍ਰਬੰਧਕ ਤ੍ਰਭਕ ਗਏ ਅਤੇ ਮੁਖ ਮਹਿਮਾਨ ਨੂੰ ਕਹਿਣਾ ਪਿਆ ਕਿ ਇਹ ਸਭ ਕੁਝ ਪ੍ਰਬੰਧਕਾਂ ਨੇ ਮੇਰੀ ਸਲਾਹ ਲਏ ਬਗੈਰ ਆਪਣੇ ਤੌਰ ’ਤੇ ਕੀਤਾ ਹੈ।

ਸ਼ਾਮ ਨੂੰ ਚਾਲੀ ਮੁਕਤਿਆਂ ਦੀ ਯਾਦ ਵਿਚ ਪਹਿਲਾਂ ਨਾਟਕ ਖੇਡਿਆ ਜਾਣਾ ਸੀ ਫਿਰ ਮਾਈ ਭਾਗੋ ਬ੍ਰਿਗੇਡ ਵਲੋਂ ਫ਼ਿਲਮ ਦਿਖਾਈ ਜਾਣੀ ਸੀ। ਦਰਸ਼ਕਾਂ ਦੇ ਸਾਰੇ ਸ਼ੱਕ ਦੂਰ ਕਰਨ ਲਈ ਮੁੱਖ ਪ੍ਰਬੰਧਕ ਨੇ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਆਪ ਹੀ ਸੱਚ ਬੋਲ ਦਿੱਤਾ ਕਿ ਮੈਂ ਅਤੇ ਮੇਰੇ ਸਾਥੀ ਪ੍ਰੀਤ ਲੜੀ (ਕਾਮਰੇਡੀ ਸੋਚ ਦਾ ਪਹਿਰੇਦਾਰ) ਦੇ ਉਪਾਸ਼ਕ ਹਨ। ਨਾਲ ਹੀ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਲਈ ਥੋੜ੍ਹੇ ਸਮੇਂ ਵਿਚ ਬਹੁਤ ਕੁਝ ਕਹਿ ਗਏ।

ਇਸ ਤੋਂ ਪਿਛੋਂ ਨਾਟਕ ਦੀ ਵਾਰੀ ਆਈ। ਤਕਰੀਬਨ ਅੱਸੀ ਸਾਲ ਦੇ ਸਫੈਦ ਦਾੜ੍ਹੀ, ਸਫੈਦ ਪੱਗੜੀ ਵਾਲੇ ਬਜ਼ੁਰਗ ਨੇ ਨਾਟਕ ਤੋਂ ਪਹਿਲਾਂ ਭੂਮਿਕਾ ਵਿਚ ਗੱਲ ਤਾਂ ਦਸ਼ਮੇਸ਼ ਪਿਤਾ ਤੋਂ ਸ਼ੁਰੂ ਕੀਤੀ ਪਰ ਆਪਣੀ ਉਮਰ ਅਤੇ ਲਿਆਕਤ ਦਾ ਫਾਇਦਾ ਉਠਾ ਕੇ ਗੱਲ ਭਗਤ ਸਿੰਘ ਦੀ ਸੋਚ ’ਤੇ ਲਿਆ ਖੜ੍ਹੀ ਕੀਤੀ।

ਪਹਿਲਾ ਨਾਟਕ ਇਕ, ਦੋ, ਤਿੰਨ, ਚਾਰ ਦੇ ਨਾਉ ਦਾ ਖੇਡਿਆ ਗਿਆ। ਨਾਟਕ ਦੇ ਨਾਲ ਨਾਲ ਭਾਈ ਮੰਨਾ ਸਿੰਘ ਜੀ ਕੁਮੈਂਟਰੀ ਕਰਦੇ ਗਏ ਅਤੇ ਦਰਸ਼ਕਾਂ ਨੂੰ ਮੁਕਤਸਰ ਸਾਹਿਬ ਤੋਂ ਚੁੱਕ ਕੇ ਲੈਨਿਨਗਾਰਦ ਸੁਕੇਅਰ ਪਹੁੰਚਾ ਦਿੱਤਾ। ਨਾਟਕ ਵਿਚ ਪੇਸ਼ਕਾਰ ਨੇ ਵਾਰ-ਵਾਰ ਮੁਕਾ

ਚੁੱਕ ਕੇ ਕਿਹਾ ਇਕ ਦਾ ਅਰਥ ਹੈ ਸਮਾਜਿਕ ਅਨਿਆਇ ਵਿਰੁੱਧ ਜਾਗਰਤੀ, ਦੋ ਦੇ ਅਰਥ ਹਨ ਏਕਤਾ, ਤਿੰਨ ਦਾ ਅਰਥ ਹੈ ਉਦਮ ਅਤੇ ਚਾਰ ਦਾ ਮਤਲਬ ਹੈ ਬਗ਼ਾਵਤ। ਇਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੀਤਾ ਸੀ ਅਤੇ ਇਹੀ ਭਗਤ ਸਿੰਘ ਦੀ ਸੋਚ ਸੀ ਅਤੇ ਅੱਜ ਅਸੀਂ ਭਗਤ ਸਿੰਘ ਦੀ ਸੋਚ ’ਤੇ ਪਹਿਰਾ ਦੇਣ ਦਾ ਪ੍ਰਣ ਕਰਨਾ ਹੈ।

ਭਾਈ ਮੰਨਾ ਸਿੰਘ ਦੀ ਉਮਰ ਅਨੁਸਾਰ, ਉਨ੍ਹਾਂ ਦੇ ਉੱਦਮ, ਉਨ੍ਹਾਂ ਦੀ ਆਪਣੀ ਵਿਚਾਰਧਾਰਾ ਲਈ ਪ੍ਰਤੀਬੱਧਤਾ, ਨਿਡਰਤਾ ਭਰੀ ਸੋਚ ਲਈ ਮੈਂ ਉਨ੍ਹਾਂ ਦੇ ਗੋਡੀਂ ਹੱਥ ਲਾ ਕੇ ਸਤਿਕਾਰ ਕੀਤਾ, ਨਾਲ ਹੀ ਮਨ ਵਿਚ ਰਸ਼ਕ ਭੀ ਆਇਆ ਕਿ ਕਾਸ਼! ਸਾਡੇ ਅਖੌਤੀ ਪੰਥਕ ਲੀਡਰਾਂ ਅੰਦਰ, ਇਸ ਤੋਂ ਪੈਸਾ ਭਰ ਭੀ ਪੰਥ ਲਈ ਦਰਦ ਹੁੰਦਾ ਤਾਂ ਅੱਜ ਪੰਥ ਦੀ ਇਹ ਹਾਲਤ ਨਾ ਹੁੰਦੀ।

ਪ੍ਰੋਗਰਾਮ ਅਨੁਸਾਰ, ਨਾਟਕ ਇਕ ਹੀ ਖੇਡਣਾ ਸੀ ਪਰ ਇਸ ਫਿਕਰ ਨਾਲ ਕਿ ਪਿਛੋਂ ਮਾਈ ਭਾਗੋ ਬ੍ਰਿਗੇਡ ਦੀ ਟੀਮ ਕੋਈ ਸਿੱਖੀ ਸੋਚ, ਦਰਸ਼ਕਾਂ ਦੇ ਮਨ ਵਿਚ ਨਾ ਬਿਠਾ ਦੇਵੇ, ਮੱਲੋ ਮਲੀ ਇਕ ਹੋਰ ਨਾਟਕ “ਪੰਜ ਕਲਿਆਣੀ” ਖੇਡਿਆ ਗਿਆ, ਜਿਸ ਦਾ ਮੁਕਤਿਆਂ ਦੀ ਯਾਦ ਨਾਲ ਕੋਈ ਦੂਰ ਦਾ ਭੀ ਰਿਸ਼ਤਾ ਨਹੀਂ ਸੀ। ਜਦੋਂ ਦੇਖਿਆ ਕਿ ਪਰਾਈਮ ਟਾਈਮ ਨਿਕਲ ਗਿਆ ਅਤੇ ਦਰਸ਼ਕਾਂ ਵਿਚ ਉੱਠਣ ਲਈ ਹਿਲਜੁਲ ਹੋਣ ਲੱਗ ਪਈ ਸਟੇਜ ਮਾਈ ਭਾਗੋ ਬ੍ਰਿਗੇਡ ਨੂੰ ਸੌਂਪ ਦਿੱਤੀ ਗਈ।

ਜਦ ਤੱਕ ਸਾਡਾ ਪ੍ਰੋਜੈਕਟਰ ਅਤੇ ਸਕਰੀਨ ਸੈਟ ਹੋ ਰਹੀ ਸੀ, ਮਾਈਕ ਮੈਨੂੰ ਮਿਲ ਗਿਆ। ਦਾਸ ਨੇ ਦਰਸ਼ਕਾਂ ਨੂੰ ਦੱਸਿਆ ਕਿ ਭਗਤ ਸਿੰਘ ਦੀ ਆਪਣੀ ਸੋਚ ਤਾਂ ਕੋਈ ਹੈ ਹੀ ਨਹੀਂ ਸੀ। ਉਹ ਤਾਂ ਕਾਰਲ ਮਾਰਕਸ ਦੀ ਸੋਚ ਦਾ ਮਾਲਕ ਸੀ, ਜਿਸ ਤੋਂ ਅੱਗੇ ਲੈਨਿਨਵਾਦੀ ਅਤੇ ਮਾਓਵਾਦੀ ਵਿਚਾਰਧਾਰਾ ਚਲੀਆਂ। ਲੈਨਿਨਵਾਦੀ ਵਿਚਾਰਧਾਰਾ ਤਕਰੀਬਨ ਅੱਸੀ ਸਾਲ ਪਿਛੋਂ ਆਪਣੀ ਮੌਤ ਆਪ ਹੀ ਮਰ ਗਈ। ਤਾਸ਼ ਦੇ ਪੱਤਿਆਂ ਵਾਂਗ ਸੋਵੀਅਤ ਯੂਨੀਅਨ ਦੀਆਂ ਸਟੇਟਾਂ ਬਿਖਰ ਗਈਆਂ, ਸਭ ਨੂੰ ਧਾਰਮਕ ਆਜ਼ਾਦੀ ਮਿਲ ਗਈ, ਮਸਜਿਦਾਂ ਵਿਚੋਂ ਆਜਾਨ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ ਅਤੇ ਗਿਰਜ ਘਰਾਂ ਵਿਚ ਘੰਟੇ ਵੱਜਣ ਲੱਗ ਪਏ। ਲੈਨਿਨਗਰਾਦ ਦਾ ਨਾਉ ਬਦਲ ਕੇ, ਪੁਰਾਣਾ ਅਸਲੀ ‘ਸੇਂਟ ਪੀਟਰਸ ਬਰਗ’ ਹੋ ਗਿਆ ਹੈ ਅਤੇ ਲੈਨਿਨ ਦਾ ਬੁੱਤ ਉਤਾਰ ਦਿੱਤਾ ਗਿਆ ਹੈ।

ਦਸ਼ਮੇਸ਼ ਪਿਤਾ ਕਹਿ ਰਹੇ ਹਨ :

ਬਿਨ ਏਕ ਭਗਤਿ ਭਗਵਾਨ, ਸਭ ਧਰਮ ਫੋਕਟ ਜਾਨ ਸਭ ਕਰਮ ਨਿਹਫਲ ਮਾਨ॥ (ਦਸਮ ਗ੍ਰੰਥ)

ਅਤੇ ਮਾਰਕਸਇਜ਼ਮ ਕਹਿੰਦਾ ਹੈ ਕਿ ਧਰਮ ਇਕ ਅਫ਼ੀਮ ਹੈ। ਫਿਰ ਭਗਤ ਸਿੰਘ ਦੀ ਸੋਚ ਦਸ਼ਮੇਸ਼ ਜੀ ਦੀ ਸੋਚ ਨਾਲ ਕਿਵੇਂ ਇਕ ਹੋਈ? ਇਸ ਪਿਛੋਂ ਮੈਂ ਦਰਸ਼ਕਾਂ ਨੂੰ ਪੁੱਛਿਆ ਕਿ ਆਪਾਂ ਸਾਰੇ ਮੁਕਤਸਰ ਦੇ ਇਤਿਹਾਸਕ ਅਸਥਾਨ ’ਤੇ ਮੁਕਤਿਆਂ ਦਾ ਦਿਹਾੜਾ ਮਨਾਉਣ ਲਈ ਇਕੱਠੇ ਹੋਏ ਹਾਂ, ਇਡੇ ਵੱਡੇ ਸਮਾਗਮ ਵਿਚ ਕਿਸੇ ਨੇ ‘ਮੁਕਤੇ’ ਦੀ ਪ੍ਰੀਭਾਸ਼ਾ ਜਾਂ ਗੁਰਮਤਿ ਅਨੁਸਾਰ ਮੁਕਤ ਕਿਸ ਨੂੰ ਕਹਿੰਦੇ ਹਨ ਦੱਸਣ ਦੀ ਖੇਚਲ ਕੀਤੀ? ਗੁਰਬਾਣੀ ਦੱਸ ਰਹੀ ਹੈ :

ਉਸਤਤਿ ਨਿੰਦਾ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥

ਹਰਖ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥੧੯॥ (ਅੰਗ ੧੪੨੬-੨੭)

ਅਤੇ ਜੇ ਏਹੀ ਗੱਲ ਨਹੀਂ ਦੱਸੀ ਗਈ ਤਾਂ ਫਿਰ ਇੰਨਾ ਪੈਸਾ ਖਰਚ ਕੇ ਇਡਾ ਵੱਡਾ ਸਮਾਗਮ ਰਚਨ ਦਾ ਕੀ ਫਾਇਦਾ ਹੈ?

ਕਲਗੀਧਰ ਪਿਤਾ ਕਹਿ ਰਹੇ ਹਨ “ਬਿਨਾਂ ਕੇਸ ਚਿਅਸਤ ਜੁਮਲਾ ਨਿਸ਼ਾਂ” ਭਗਤ ਸਿੰਘ ਲਈ ਕੇਸ ਵਾਧੂ ਚੀਜ਼ ਹਨ। ਭਗਤ ਸਿੰਘ ਦੀ ਮਾਨਸਿਕਤਾ ਦੀ ਅਸਲੀ ਫੋਟੋ ਸਿ. ਕਪੂਰ ਸਿੰਘ ਜੀ ਨੇ “ਸਾਚੀ ਸਾਖੀ” ਵਿਚ ਅਤੇ ਭਾਈ ਰਣਧੀਰ ਸਿੰਘ ਜੀ ਨੇ “ਜੇਲ੍ਹ ਚਿੱਠੀਆਂ” ਵਿਚ ਪਾਠਕਾਂ ਲਈ ਉਘਾੜ ਕੇ ਰੱਖ ਦਿੱਤੀ।

ਪੰਜਾਬ ਵਿਚ ਬੜੇ ਕੱਦਾਵਰ ਦੇਸ਼ ਭਗਤ ਹੋਏ ਹਨ ਜਿਨ੍ਹਾਂ ਦੀ ਤੁਲਨਾ ਵਿਚ ਭਗਤ ਸਿੰਘ ਪਾਸਕੂ ਭੀ ਨਹੀਂ ਸੀ। ਪਰ ਦੇਸ਼ ਦਿਆਂ ਲੀਡਰਾਂ ਨੇ ਕੁਟਿਲ ਨੀਤੀ ਨਾਲ ਪੰਜਾਬ ਵਿਚੋਂ ਕੇਵਲ ਦੋ ਬੰਦਿਆਂ ਨੂੰ ਹੀ ਮਾਨਤਾ ਦਿੱਤੀ। ਇਕ ਲਾਲਾ ਲਾਜਪਤ ਰਾਇ ਜੋ ਕਿ ਆਰੀਆ ਸਮਾਜੀ ਸੀ, ਦੂਸਰੇ ਭਗਤ ਸਿੰਘ ਨੂੰ, ਜਿਸ ਨੇ ਸਿੱਖੀ ਸਰੂਪ ਤਿਆਗ ਦਿੱਤਾ ਸੀ ਅਤੇ ਨਾਸਤਕ ਸੀ। ਸ੍ਰ. ਭਗਤ ਸਿੰਘ ਨੂੰ ਮਾਨਤਾ ਇਸ ਲਈ ਦਿੱਤੀ ਗਈ ਕਿ ਸਿੱਖ ਭੀ ਖੁਸ਼ ਹੋ ਜਾਣ ਅਤੇ ਕਮਿਉਨਿਸਟ ਭੀ ਖੁਸ਼ ਰਹਿਣ। ਇਸ ਤਰ੍ਹਾਂ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ ਅਤੇ ਲਾਲਾ ਲਾਜਪਤ ਰਾਇ ਨਾਲ ਪੰਜਾਬ ਦੇ ਆਰੀਆ ਸਮਾਜੀ ਖੁਸ਼ ਕਰ ਲਏ। ਸ੍ਰਿ. ਕਪੂਰ ਸਿੰਘ ਨੇ ਸਾਚੀ ਸਾਖੀ ਵਿਚ ਲਾਲਾ ਲਾਜਪਤ ਰਾਇ ਦੀ ਅਸਲੀਅਤ ਖੋਲ੍ਹ ਦਿੱਤੀ ਹੈ ਕਿ ਲਾਲਾ ਜੀ ਹਸਪਤਾਲ ਵਿਚ ਦਿਲ ਫੇਲ੍ਹ ਹੋਣ ਨਾਲ ਮਰੇ ਸਨ ਅਤੇ ਇਸ ਦਾ ਕਾਰਨ ਵੀ ਉਨ੍ਹਾਂ ਬਿਆਨ ਕੀਤਾ ਹੈ ਅਤੇ ਭਗਤ ਸਿੰਘ ਦੀ ਮਾਨਸਿਕਤਾ ਭਾਈ ਰਣਧੀਰ ਸਿੰਘ ਨੇ “ਜੇਲ੍ਹ ਚਿੱਠੀਆਂ” ਵਿਚ ਦਰਸਾ ਦਿੱਤੀ। ਭਗਤ ਸਿੰਘ ਦੀ ਮਸ਼ਹੂਰੀ ਦੇਸ਼ ਭਗਤੀ ਵਾਲੀ ਘੱਟ ਹੈ ਪਰ ਨਾਸਤਕ ਟੋਲੇ ਨੇ ਉਸ ਨੂੰ ਸਿਖਰ ’ਤੇ ਪਹੁੰਚਾਇਆ ਹੈ। ਜਨਰਲ ਵੈਦਿਆਂ ਤੋਂ ਸਾਕਾ ਨੀਲਾ ਤਾਰਾ ਦਾ ਹਿਸਾਬ ਚੁਕਾਉਣ ਵਾਲੇ ਭਾਈ ਸੁੱਖਾ ਅਤੇ ਜਿੰਦਾ ਭਗਤ ਸਿੰਘ ਤੋਂ ਅੱਗੇ ਹਨ, ਜਿਨ੍ਹਾਂ ਨੇ ਸਹੀ ਚੋਣ ਕੀਤੀ। ਜਦਕਿ ਭਗਤ ਸਿੰਘ ਨੇ ਇਕ ਨਿਰਦੋਸ਼ ਪੁਲਿਸ ਆਫ਼ੀਸਰ ਮਿ. ਸਾਂਡਰਸ ਅਤੇ ਉਸ ਦੇ ਅੰਮ੍ਰਿਤਧਾਰੀ ਸਿੰਖ ਅਰਦਲੀ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ। ਨਾਸਤਕ

ਟੋਲਾ ਜੋ ਮਰਜ਼ੀ ਕਹੇ ਪਰ ਹਕੀਕਤ ਇਹੀ ਹੈ। ਵਿਚਾਰੇ ਕੀ ਕਰਨ! ਲੈ ਦੇ ਕੇ ਇਨ੍ਹਾਂ ਕੋਲ ਕੇਵਲ ਭਗਤ ਸਿੰਘ ਹੀ ਹੈ ਜਦਕਿ ਖਾਲਸਾ ਪੰਥ ਕੋਲ ਅਨੇਕਾਂ ਇਸ ਤੋਂ ਵੱਧ ਜੁਝਾਰੂ ਸਿੱਖ ਪਏ ਹਨ।

ਜੇ ਕਾਮਰੇਡ ਇਕ, ਦੋ, ਤਿੰਨ, ਚਾਰ ਕਹਿਣ ਤਾਂ ਮਾਨਵਵਾਦੀ ਹਨ ਪਰ ਜੇ ਕੋਈ ਗੁਰੂ ਦਾ ਸਿੰਘ ਕਹੇ ਤਾਂ ਕਾਮਰੇਡੀ ਡਿਕਸ਼ਨਰੀ ਉਸ ਨੂੰ, ਅਤਿਵਾਦੀ, ਵੱਖਵਾਦੀ, ਕੱਟੜਵਾਦੀ ਅਤੇ ਦੇਸ਼ ਧਰੋਹੀ ਗਰਦਾਨਦੀ ਹੈ। ਜੇ ਲਾਲ ਝੰਡੇ ਦੇ ਪੁਜਾਰੀ ਨਾਲ ਸਮਾਜਿਕ ਅਨਿਆਇ ਹੋਵੇ ਤਾਂ ਅਨਿਆਏ ਹੈ, ਵੀਹ ਹਜ਼ਾਰ ਸਿੱਖ ਨੌ ਜੁਆਨੀ ਲਾਵਾਰਿਸ ਕਹਿ ਕੇ ਮਿੱਟੀ ਵਿਚ ਮਿਲਾ ਦਿੱਤੀ ਜਾਵੇ ਤਾਂ ਕੋਈ ਖਾਸ ਗੱਲ ਨਹੀਂ। ਖਰੀਆਂ-ਖਰੀਆਂ ਸੁਣ ਕੇ ਦਰਸ਼ਕਾਂ ਵਿਚੋਂ ਇਕ ਦੋ ਆਵਾਜ਼ਾਂ ਉਚੀਆਂ ਹੋਈਆਂ ਫਿਰ ਮੈਨੂੰ ਕਹਿਣਾ ਪਿਆ ਕਿ ਦਰਸ਼ਕਾਂ ਵਿਚੋਂ ਕੋਈ ਹੈ ਜਿਸ ਨੇ ਗੁਰੂ ਦਾ ਲੰਗਰ ਨਾ ਖਾਧਾ ਹੋਵੇ? ਇਸ ਲਈ ਨਮਕ ਹਰਾਮ ਨਾ ਬਣੋ ਅਤੇ ਸੱਚ ਸੁਣਨ ਦੀ ਸਮਰੱਥਾ ਰੱਖੋ।

ਇਹ ਕੂੜ ਪ੍ਰਚਾਰ ਕਾਮਰੇਡ ਲਗਾਤਾਰ ਪਿਛਲੇ ਸੱਤਰ-ਅੱਸੀ ਸਾਲ ਤੋਂ ਲਗਾਤਾਰ ਕਰਕੇ ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਦੇਸੀ ਭਾਸ਼ਾ ਵਿਚ ਇਸ ਨੂੰ ਕਹਿੰਦੇ ਹਨ;

"ਬਰਾਤ ਕਿਸੇ ਦੀ ਅਤੇ ਘੋੜੀਆਂ ਕਿਸੇ ਹਰੋਂ ਦੇ ਨਾਉ ਦੀਆਂ" ਇਹ ਕਾਮਰੇਡੀ ਕਮਾਲ ਹੈ।

ਕਨਵਰ ਅਜੀਤ ਸਿੰਘ

# ਗਰੀਬ, ਮਿਹਨਤਕਸ਼, ਕਿਰਤੀ ਸਮਾਜ

ਕਨਵਰ ਅਜੀਤ ਸਿੰਘ

ਅਖੌਤੀ ਕਾਮਰੇਡ ਇਸ ਵਰਗ ਦੇ ਰਾਖੇ ਅਖਵਾ ਕਿਸ ਤਰ੍ਹਾਂ ਇਸ ਦਾ ਦੁਰਉਪਯੋਗ ਕਰਕੇ ਮਨ ਮਾਨੀਆਂ ਕਰਦੇ ਹਨ ਅਤੇ ਦੇਸ਼ ਨਾਲ ਗ਼ੱਦਾਰੀ ਕਰਦੇ ਹਨ ਪਾਠਕ ਇਹ ਲੇਖ ਪੜ੍ਹ ਕੇ ਠੀਕ ਸਮਝ ਜਾਣਗੇ।

ਮੈਂ ਉੱਤਰੀ ਰੇਲਵੇ ਵਿਚ ਫਿਟਰ ਭਰਤੀ ਹੋ ਕੇ 1964 ਤੋਂ 1968 ਡੀਜ਼ਲ ਸ਼ੈੱਡ ਮੁਗ਼ਲਸਰਾਇ (ਬਨਾਰਸ ਕੋਲ) ਰੇਲਵੇ ਵਿਚ ਸੇਵਾ ਕਰਦਾ ਰਿਹਾ ਸੀ। ਰਾਤ ਦੀ ਡਿਊਟੀ ਕਰਨ ਪਿੱਛੋਂ ਦਿਨ ਦੀ ਨੀਂਦ ਲੈ ਕੇ ਸਾਮ ਨੂੰ ਕਾਲੋਨੀ ਦੀ ਪਾਰਕ ਵਿਚ ਬੈਠਾ ਸਾਂ ਕਿ ਸਾਡੀ ਸ਼ੈਡ ਦੇ ਯੂਨੀਅਨ ਦੇ ਨੇਤਾ ਜੀ ਆ ਟਪਕੇ। ਮੈਨੂੰ ਕਹਿਣ ਲੱਗੇ ਗਿਆਨੀ ਜੀ* ਆਪ ਦੇਖਤੇ ਹੈਂ ਕਿ ਅਫਸਰ ਸ਼ਾਹੀ ਹਮ ਲੋਗੋਂ ਪਰ ਕਿਤਨਾ ਜ਼ੁਲਮ ਕਰਤੀ ਹੈ। ਤਨਖਾਹੇਂ ਹਮਾਰੀ ਕਿਤਨੀ ਕਮ ਹੈਂ, ਕਾਮ ਹਮ ਕਰਤੇ ਹੈਂ ਔਰ ਐਸ਼ ਅਫਸਰ ਕਰਤੇ ਹੈਂ। ਆਪ ਪੜ੍ਹ ਲਿਖੇ, ਧਾਰਮਿਕ ਵਿਚਾਰੋਂ ਵਾਲੇ ਅਸੂਲ ਕੇ ਆਦਮੀ ਹੋ ਹਮਾਰੇ ਸਾਥ ਮਿਲ ਕੇ ਚਲੋ ਤਾਂ ਕਿ ਹਮ ਆਪਣੇ ਭਾਈਓ ਕਾ ਕਲਿਆਣ ਕਰੇਂ।

ਮੈਂ ਪਾਠ ਕਰਕੇ ਹਟਿਆ ਹੀ ਸੀ ਅਤੇ ਬਿਰਤੀ ਅੰਤਰਮੁਖੀ ਸੀ ਨਾਲ ਹੀ ਮੈਂ ਨੇਤਾ ਜੀ ਦੇ ਕਿਰਦਾਰ ਤੋਂ ਵਾਕਫ਼ ਸੀ ਇਸ ਲਈ ਥੋੜ੍ਹਾ ਰੁਕ ਕੇ ਉੱਤਰ ਦਿੱਤਾ ।ਯਿਹ ਬਿਜਲੀ ਕੇ ਪੋਲ ਪਰ ਕੱਲ ਲਾਈਟ ਜਲ ਰਹੀ ਥੀ ਆਜ ਯਿਹ ਬਲਬ ਟੂਟਾ ਹੂਆ ਹੈ, ਯਹ ਕਿਸੀ ਅਫਸਰ ਨੇ ਤੋੜਾ ਹੈ?" ਕਾਲੋਨੀ ਕੇ ਹਰ ਇਕ ਬਲਾਕ ਕੇ ਜੋ ਕਾਮਨ ਬਾਥਰੂਮ ਹੈਂ ਇਨ ਕੀ ਟੂਟੀਏਂ ਕੋਈ ਅਫਸਰ ਉਤਾਰ ਕੇ ਲੇ ਗਿਆ? ਸੈਡ ਮੇਂ, ਪਾਸ ਕਲਰਕ ਸ਼ਰੇਆਮ ਪਾਸ ਈਸ਼ੂ ਕਰਨੇ ਕੇ ਪੈਸੇ ਲੇਤਾ ਹੈਂ ਆਪ ਉਸ ਕੋ ਮਨ੍ਹਾ ਕਿਉਂ ਨਹੀਂ ਕਰਤੇ, ਕਿਆ ਸਭੀ ਮਜਦੂਰ ਆਪਣੀ ਡਿਊਟੀ ਸਹੀ ਤਰੀਕੇ ਸੇ ਪੂਰੀ ਕਰਤੇ ਹੈਂ? ਪਹਿਲੇ ਆਪ ਆਪਣੇ ਭਾਈਓਂ ਕੋ ਠੀਕ ਕਰੋ, ਫਿਰ ਬਾਤ ਕਰਨਾ।" ਮੇਰੀ ਗੱਲ ਦਾ ਨੇਤਾ ਜੀ ਕੋਲ ਕੋਈ ਜਵਾਬ ਨਹੀਂ ਸੀ।

1956 ਵਿਚ ਮੈਂ ਟਾਟਾ ਕੰਪਨੀ ਦੇ ਐਕਸਟੈਨਸ਼ਨ ਪ੍ਰੋਗਰਾਮ ਅਧੀਨ ਅਮਰੀਕਾ ਦੀ ਕੈਜ਼ਰ ਇੰਜਨੀਅਰਿੰਗ ਐਂਡ ਓਵਰਸੀਜ਼ ਕਾਰਪੋਰੇਸ਼ਨ ਵਿਚ ਕੰਮ ਕਰਦਾ ਸੀ। ਹਰ ਇਲਾਕੇ ਦੇ ਬੰਦੇ ਇਸ ਕੰਪਨੀ ਵਿਚ ਕੰਮ ਕਰਦੇ ਸਨ। ਉਸ ਸਮੇਂ ਦੇ ਲਿਹਾਜ਼ ਨਾਲ, ਦੇਸੀ ਕੰਪਨੀਆਂ ਦੇ ਮੁਕਾਬਲੇ ਅਮਰੀਕਨ ਕੰਪਨੀ ਦੀਆਂ ਤਨਖਾਹਾਂ ਬਹੁਤ ਚੰਗੀਆਂ ਸਨ, ਓਵਰ ਟਾਈਮ ਭੀ ਲਗਦਾ ਸੀ, ਇਸ ਲਈ ਸਭ ਵਰਕਰ ਖੁਸ਼ ਸਨ। ਜਦ ਮਿਹਨਤਾਨਾ ਚੰਗਾ ਹੋਵੇ ਕੰਮ ਭੀ ਜੀਅ ਤੋੜ ਕੇ ਕਰਨਾ ਪੈਂਦਾ ਸੀ। ਇਸ ਲਈ ਹੱਡ ਹਰਾਮ ਦੁਖੀ ਸੀ।

ਸਾਡੇ ਨਾਲ, ਡੇਹਰਾਦੂਨ ਦਾ ਮਿ ਕੁੰਦਨ ਸਿੰਘ ਨੇਗੀ ਕੈਜਰ ਕੰਪਨੀ ਛੱਡ ਕੇ ਉਸਾਰੀ ਅਧੀਨ ਰੁੜਕੇਲਾ ਸਟੀਲ ਪਲਾਂਟ ਦੇ ਕੰਟ੍ਰੋਲ ਰੂਮ ਵਿਚ ਮੇਨਟੀਨੈਂਨਸ (ਦੇਖਭਾਲ) ਦੀ ਡਿਊਟੀ ਤੇ ਲਗ ਗਿਆ। ਮਿਸਟਰ ਨੇਗੀ ਹੈੱਡ ਟੈਕਨੀਸ਼ੀਅਨ ਸੀ, ਦੋ ਫਿਟਰ ਅਤੇ ਇਕ ਹੈਲਪਰ ਉਸ ਨੂੰ ਮਿਲੇ ਹੋਏ ਸਨ। ਕੰਟ੍ਰੋਲ ਪੈਨਲ ਦੇ ਮੀਟਰਾਂ ਤੇ ਨਜ਼ਰ ਰੱਖਣੀ ਅਤੇ ਲੋੜ ਪੈਣ ਤੇ ਛੋਟੀ੍ਮੋਟੀ ਮੁਰੰਮਤ ਕਰਨੀ ਅਤੇ ਵੱਡੇ ਨੁਕਸ ਪੈਣ ਤੇ ਅਫਸਰਾਂ ਨੂੰ ਦੱਸਣਾ ਉਸ ਦੀ ਡਿਊਟੀ ਸੀ।

ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਦੀ ਡਿਊਟੀ ਸੀ, ਡਿਊਟੀ ਪਹੁੰਚ ਕੇ ਮਿਸਟਰ ਨੈਗੀ ਨੇ ਆਪਣੀ ਅਤੇ ਸਟਾਫ ਦੀ ਹਾਜ਼ਰੀ ਲਗਾਈ। ਇਕ ਨਜ਼ਰ ਕੰਟ੍ਰੋਲ ਰੂਮ ਦੇ ਪੈਨਲ ਤੇ ਮਾਰੀ ਹੋਰ ਮਸੀਨਾਂ ਨੂੰ ਦੇਖਿਆ ਸਾਢੇ ਗਿਆਰਾਂ ਕੁ ਵਜੇ ਹੇਠਲੇ ਸਟਾਫ ਨੂੰ ਕਿਹਾ ਤੁਸੀਂ ਨਜ਼ਰ ਰੱਖੋ ਮੈਂ ਉਸ ਜਗ੍ਹਾ ਪਿਆ ਹਾਂ ਲੋੜ ਪਈ ਤੇ ਉਠਾ ਲੈਣਾ। ਘੰਟੇ ਕੁ ਪਿੱਛੋਂ ਦੂਸਰਾ ਫਿਟਰ ਬਾਕੀ ਸਾਥੀਆਂ ਨੂੰ ਕਹਿ ਕੇ ਜਾ ਪਿਆ। ਇਸੇ ਤਰ੍ਹਾਂ ਬਾਕੀ ਦੋਵੇਂ ਸੌਂ ਗਏ। ਤਿੰਨ ਵਜੇ ਦੇ ਕਰੀਬ ਵਾਟਰ ਪਾਈਪ ਦਾ ਹੈਂਡਲ ਕਾਕ ਲੀਕ ਕਰਨ ਲੱਗ ਪਿਆ। ਲੀਕੇਜ ਵਧਦੀ ਗਈ ਅਤੇ ਮਿਹਨਤਕਸ਼ ਵਰਕਰ ਘੁਰਾੜੇ ਮਾਰਦੇ ਰਹੇ। ਜਦ ਪਾਣੀ ਵੱਧ ਕੇ ਫਰਸ਼ ਦੀਆਂ ਮੋਟਰਾਂ ਵਿਚ ਵੜ ਗਿਆ ਅਤੇ ਕੰਟ੍ਰੋਲ ਪੈਨਲ ਵਿਚ ਜਾ ਵੜਿਆ ਅਤੇ ਕੰਟ੍ਰੋਲ ਪੈਨਲ ਦੀਆਂ ਰਿਲੇਆਂ ਟਰਿੱਪ ਕਰਨ ਲੱਗ ਪਈਆਂ ਤਾਂ ਸਾਡੇ ਮਿਹਨਤਕਸ਼ ਵਰਕਰਾਂ ਦੀ ਅੱਖ ਖੁੱਲ੍ਹੀ। ਪਹਿਲਾਂ ਕੁਝ ਸਮਝ ਨਾ ਆਈ ਕਿ ਕੀ ਹੋ ਗਿਆ। ਨੁਕਸ ਢੂੰਡਣ ਲੱਗੇ, ਫਿਰ ਇਕ ਦਮ ਪਟਾਕਾ ਪਿਆ ਅਤੇ ਕੰਟ੍ਰੋਲ ਪੈਨਲਾਂ ਵਿਚ ਅੱਗ ਲੱਗ ਗਈ। ਸਾਰੇ ਅਨ੍ਹੇਰਾ ਹੋ ਗਿਆ। ਪੂਰਾ ਸਟੀਲ ਪਲਾਂਟ ਬੰਦ ਹੋ ਗਿਆ। ਇਨਕੁਆਰੀ ਹੋਈ ਸਟਾਫ ਦੋਸੀ ਪਾਇਆ ਗਿਆ, ਵਰਕਰ ਡਿਸਮਿਸ ਕਰ ਦਿੱਤੇ। ਪਰ ਦਾਤੀ ਹਥੌੜੇ ਵਾਲੇ ਲਾਲ ਝੰਡੇ ਵਾਲੀ ਯੂਨੀਅਨ ਨੇ ਮਿਹਨਤਕਸ਼ ਵਰਕਰਾਂ ਦੀ ਸਹਾਇਤਾ ਵਿਚ ਹੜਤਾਲ ਕਰ ਦਿੱਤੀ। ਕਿਸੇ ਮਾਰਕਸਵਾਦੀ ਯੂਨੀਅਨ ਨੇ ਨਹੀਂ ਮੰਨਿਆ ਕਿ ਵਰਕਰ ਦਾ ਕਸੂਰ ਹੈ ਅਤ ਪ੍ਰਬੰਧਕਾਂ ਨੂੰ ਸਮਝੌਤਾ ਕਰਨਾ ਪਿਆ।

1973 ਵਿਚ ਸਰਕਾਰ ਨੇ ਲਖਨਊ ਦੇ ਰੇਲਵੇ ਵਰਕਸ਼ਾਪ ਵਿਚ ਗੱਡੀ ਦੇ ਚੱਕਿਆਂ ਲਈ ਵਹੀਲ ਟਰਨਿੰਗ ਮਸੀਨ ਵਿਦੇਸ਼ ਤੋਂ ਮੰਗਾਈ। ਮਸ਼ੀਨ ਲਗਾ ਕੇ ਚਾਲੂ ਕੀਤੀ, ਵਿਦੇਸ਼ੀ ਕੰਪਨੀ ਦੇ ਕਰਮਚਾਰੀਆਂ ਨੇ ਇਕ ਐਕਸਲ ਦੇ ਦੋ ਚੱਕੇ ਇਕ ਘੰਟੇ ਵਿਚ ਟਰਨ ਕਰ ਕੇ ਦਿਖਾ ਦਿੱਤੇ। ਸਟਾਫ ਟ੍ਰੇਂਡ ਕਰ ਦਿੱਤਾ ਅਤੇ ਕੰਪਨੀ ਵਾਲੇ ਚਲੇ ਗਏ। ਦੇਸੀ ਵਰਕਰਾਂ ਨੇ ਸਾਰੇ ਦਿਨ ਵਿਚ (8 ਘੰਟੇ ਵਿਚ) ਸਿਰਫ 2 ਐਕਸਲਾਂ ਦੀ ਟਰਨਿੰਗ ਕੀਤੀ। ਅਫਸਰ ਨੇ ਸਟਾਫ ਨੂੰ ਪੁਛਿਆ ਕਿ ਕੰਮ ਘੱਟ ਕਿਉਂ ਕੀਤਾ? ਉੱਤਰ ਮਿਲਿਆ "ਸਾਹਿਬ ਇਤਨਾ ਹੀ ਹੋਤਾ ਹੈ"। ਜਦ ਅਫਸਰਾਂ ਨੇ ਜਿਆਦਾ ਪ੍ਰੈਸ਼ਰ ਪਾਇਆ ਤੇ ਮਿਹਨਤਕਸ਼ ਵਰਕਰਾਂ ਨੇ ਆਟੋਮੈਟਿਕ ਰਿਲੇਆਂ ਵਿੱਚ ਡੱਕੇ ਫਸਾ ਦਿੱਤੇ ਅਤੇ ਰਿਲੇਆਂ ਸੜ ਗਈਆਂ। ਕੰਪਨੀ ਦੇ ਬੰਦੇ ਬੁਲਾਏ ਗਏ। ਉਨ੍ਹਾਂ ਮਸੀਨਾਂ ਠੀਕ ਕਰ ਕੇ ਇਕ ਘੰਟੇ ਵਿੱਚ ਇਕ ਐਕਸਲ ਟਰਨ ਕਰ ਕੇ ਦਿਖਾ ਦਿੱਤਾ। ਪਰ ਸਾਡੇ ਮਿਹਨਤਕਸ਼ ਸਾਊ ਵਰਕਰ ਟੱਸ ਤੋਂ ਮੱਸ ਨਹੀਂ ਹੋਏ।



ਰੇਲਵੇ ਬੋਰਡ ਨੇ ਰੇਲ ਕੋਚ ਫੈਕਟਰੀ ਕਪੂਰਥਲੇ ਲਗਾ ਦਿੱਤੀ ਕਿਉਂਕਿ ਕਪੂਰਥਲੇ ਦੇ ਸ਼ਾਹੀ ਖਾਨਦਾਨ ਦਾ ਇਕ ਬੰਦਾ ਰਾਜੀਵ ਗਾਂਧੀ ਦਾ ਕਰੀਬੀ ਸੀ। ਉਥੇ ਫਿਰ ਸਾਡੇ ਮਿਹਨਤਕ ਸਾਊ ਵਰਕਰਾਂ ਨੇ ਆਊਟਪੁੱਟ ਘੱਟ ਕਰ ਦਿੱਤੀ। ਮਜਬੂਰਨ ਪ੍ਰਬੰਧਕਾਂ ਨੂੰ ਠੇਕਾ ਸਿਸਟਮ ਬਣਾਉਣਾ ਪਿਆ। ਹੁਣ ਹਰ ਚੀਜ਼ ਮਾਰਕੀਟ ਤੋਂ ਬਣੀ ਬਣਾਈ ਆਉਂਦੀ ਹੈ, ਵਰਕਰ ਕੇਵਲ ਫਿਟ ਕਰਦੇ ਹਨ ਅਤੇ ਟੈਸਟਿੰਗ ਕਰਦੇ ਹਨ। ਫੇਰ ਭੀ ਲੇਬਰ ਪਰਾਬਲਮ ਹੈ।

1992 ਦੇ ਆਸਪਾਸ ਪਟਿਆਲੇ ਦੀ DCW ਵਰਕਸ਼ਾਪ (ਅੱਜ-ਕੱਲ੍ਹ DMW) ਤੋਂ ਮਿ ਰਣਧੀਰ ਸਿੰਘ, ਨਿਹਾਇਤ ਸ਼ਰੀਫ, ਚੀਫ ਇੰਜੀਨੀਅਰ ਬਣ ਕੇ ਕਪੂਰਥਲੇ ਚਲਾ ਗਿਆ। ਵਰਕਸ਼ਾਪ ਦੇ ਇਕ ਸੈਕਸ਼ਨ ਵਿਚ ਵਰਕਰਾਂ ਨੇ ਹੜਤਾਲ ਕਰ ਦਿੱਤੀ। ਸ਼ਾਮ ਨੂੰ ਛੁੱਟੀ ਤੋਂ ਪਹਿਲਾਂ ਇਹ ਆਪਣੀ ਸ਼ਾਪ ਦਾ ਮੁਆਇਨਾ ਕਰਕੇ ਵਾਪਸ ਘਰ ਪਰਤ ਰਿਹਾ ਸੀ ਜਦ ਹੜਤਾਲ ਵਾਲੀ ਸ਼ਾਪ ਦੇ ਕੋਲ ਦੀ ਲੰਘਣ ਲੱਗਾ ਤਾਂ ਬਗੈਰ ਕਿਸੇ ਕਾਰਨ ਦੇ ਸਭ ਵਰਕਰ ਟੁੱਟ ਕੇ ਪੈ ਗਏ, ਕੱਪੜੇ ਫਾੜ ਦਿੱਤੇ ਅਤੇ ਮੂੰਹ ਤੇ ਪੇਂਟ ਮਲ ਦਿੱਤਾ। ਸਿਕਿਉਰਟੀ ਸਟਾਫ ਬੁਲਾਇਆ ਗਿਆ, ਜਦ ਉਨ੍ਹਾਂ ਡੰਡਾ ਪਰੇਡ ਕੀਤੀ ਤਾਂ ਛੱਡਿਆ। ਕਿਸੇ ਮਾਰਕਸਵਾਦੀ ਬੰਦੇ ਨੇ ਉਸ ਦੀ ਮਦਦ ਨਹੀਂ ਕੀਤੀ।

ਬਲਿਊ ਸਟਾਰ ਓਪਰੇਸ਼ਨ ਪਿੱਛੋਂ ਲੋਕਾਂ ਦਾ ਮਨ ਜਿੱਤਣ ਲਈ, ਪ੍ਰਧਾਨ ਮਤਰੀ ਸ੍ਰੀ ਨਰਸਿੰਮਾ ਰਾਓ ਨੇ ਟੀਵੀ ਤੇ ਹੱਥ ਦੀਆਂ ਦੋ ਉਂਗਲਾਂ ਖੜ੍ਹੀਆਂ ਕਰ ਕੇ ਐਲਾਨ ਕੀਤਾ, ॥॥ਹਮ ਪੰਜਾਬ ਮੇਂ ਖੁਸ਼ਹਾਲੀ ਕੇ ਲੀਏ 200 ਕਰੋੜ ਕੀ ਰੇਲਵੇ ਵਰਕਸ਼ਾਪ ਲਗਾ ਰਹੇ ਹੈਂ। ਮੈਂ 1989 ਵਿਚ ਲੁਧਿਆਣੇ ਤੋਂ ਬਦਲ ਕੇ ਇਥੇ ਆ ਗਿਆ ਅਤੇ ਦੇਖਿਆ ਕਿ ਪੰਜਾਬ ਨੂੰ ਇਸ ਵਰਕਸ਼ਾਪ ਤੋਂ ਧੇਲੇ ਦਾ ਭੀ ਫਾਇਦਾ ਨਹੀਂ ਹੈ। 60% ਤੋਂ ਜ਼ਿਆਦਾ ਵਰਕਰ ਪਜਾਬ ਤੋਂ ਬਾਹਰਦੇ ਹਨ। ਚੀਫ ਪਰਸਨਲ ਅਫਸਰ ਯੂਪੀ ਦਾ ਅਤੇ ਵਰਕਸ਼ਾ ਦਾ ਚੀਫ ਦੱਖਣੀ ਭਾਰਤ ਤੋਂ ਸੀ। ਸਾਰੀ ਪਰਸਨਲ ਬ੍ਰਾਂਚ ਵਿਚ ਯੂਪੀ ਦੇ ਬੰਦੇ, ਅਕਾਊਂਟ ਮਹਿਕਮੇ ਵਿੱਚ ਯੂਪੀ ਅਤੇ ਦੱਖਣੀ ਭਾਰਤ ਤੋਂ ਸਨ। ਚੌਥਾ ਦਰਜਾ ਦੇ ਕਰਮਚਾਰੀ ਭੀ ਬਹੁਤੇ ਬਾਹਰਲੇ ਸੀ ਜਦਕਿ ਕਨੂੰਨ ਅਨੁਸਾਰ ਜਿਥੇ ਦੀ ਧਰਤੀ ਤੇ ਕੋਈ ਫੈਕਟਰੀ ਲੱਗੇ ਉਥੇ ਦੇ ਹੀ ਹੋਣੇ ਚਾਹੀਦੇ ਹਨ। ਰੇਲਵੇ ਦਾ ਮਾਲ ਰੇਲਵੇ ਨੂੰ ਹੀ ਜਾਣਾ ਸੀ ਇਸ ਲਈ ਪੰਜਾਬ ਸਰਕਾਰ ਜਾਂ ਪਟਿਆਲਾ ਮਿਊਂਸਪੈਲਟੀ ਨੂੰ ਇਸ ਤੋਂ ਕੋਈ ਫਾਇਦਾ ਨਹੀਂ ਸੀ। ਕੇਵਲ ਸਵਾਰੀਆਂ ਢੋਣ ਵਾਲੇ ਰਿਕਸ਼ਾ ਚਾਲਕ ਜਾਂ ਮਾਲ ਢੋਣ ਵਾਲੇ ਠੇਲਾ ਚਾਲਕਾਂ ਨੂੰ ਹੀ ਕੁਝ ਪ੍ਰਾਪਤੀ ਸੀ।

ਸਵੇਰ ਦੀ ਸ਼ਿਫਟ 6 ਵਜੇ ਸ਼ੁਰੂ ਹੁੰਦੀ ਸੀ। ਸਾਰੇ ਵਰਕਰਾਂ ਨੂੰ ਆਪਣਾ ਕਾਰਡ, ਪੰਚ ਮਸੀਨ ਤੇ ਆਪ ਕਰਨ ਦਾ ਅਸੂਲ ਸੀ ਤਾਂ ਜੋ ਹਰ ਇਕ ਬੰਦਾ ਵੇਲੇ ਸਿਰ ਪਹੁੰਚੇ। ਕਾਰਡ ਉਪਰ ਤਾਰੀਖ ਅਤੇ ਸਮਾਂ ਪੰਚ ਹੋ ਜਾਂਦਾ ਸੀ। ਪਰ ਇਕ ਇਕ ਵਰਕਰ ਦਸ ਦਸ ਬੰਦਿਆਂ ਦੇ ਕਾਰਡ ਪੰਚ ਕਰਦਾ ਸੀ। ਟਾਈਮ ਕੀਪਰ ਕੁਝ ਨਹੀਂ ਬੋਲ ਸਕਦਾ ਸੀ। ਸੁਪਰਵਾਈਜਰ ਆਪਣੀ ਕੁਰਸੀ ਤੇ ਬੈਠਾ ਕੰਮ ਵੰਡਣ ਲਈ ਉਡੀਕੀਦਾ ਹੈ ਪਰ ਵਰਕਰ ਟੋਲੀਆਂ ਵਿੱਚ ਮਾਰਨਿੰਗ ਵਾਕ ਕਰਦੇ ਹਨ। ਸੱਤ ਵਜੇ ਤੋਂ ਪਿੱਛੋਂ ਵਰਕਰਾਂ ਨੇ ਸੁਪਰਵਾਈਜ਼ਰ ਕੋਲ ਹਾਜ਼ਰੀ

ਲਵਾਈ, ਕੰਮ ਵੰਡਿਆ ਜਾਣਾ ਫਿਰ ਸਭ ਨੇ ਆਪਣੀਆਂ ਕੀਮਤੀ ਪੁਸ਼ਾਕਾਂ ਉਤਾਰ ਕੇ ਕੰਮ ਵਾਲੇ ਕੱਪੜੇ ਪਾਣੇ ਅਤੇ ਟੂਲ ਰੂਮ ਵਿੱਚੋਂ ਟੂਲ ਲੈਣਾ ਅਤੇ ਕੰਮ ਤੇ ਜਾਣਾ। ਥੋੜ੍ਹੀ ਦੇਰ ਪਿੱਛੋਂ ਚਾਹ ਦਾ ਸਮਾਂ (ਟੀ ਟਾਈਮ) ਹੋ ਜਾਣਾ ਅਤੇ ਕੰਟੀਨ ਤੋਂ ਚਾਹ ਦੀ ਟ੍ਰਾਲੀ ਆ ਜਾਣੀ। ਚਾਹ ਪੀ ਕੇ 9 ਵਜੇ ਕੰਮ ਸ਼ੁਰੂ ਕਰਨਾ ਅਤੇ ਗਿਆਰਾਂ ਵਜੇ ਲੰਚ ਦੀ ਛੁੱਟੀ ਹੋ ਜਾਣੀ। ਦੂਸਰੇ ਅੱਧ ਵਿੱਚ ਸੁਪਰਵਾਈਜਰ ਹਾਜ਼ਰ ਹਨ ਪਰ ਵਰਕਰ ਸਭ ਗਾਇਬ ਹਨ।

ਉਪਰਲੇ ਅਾਫਸਰ ਸੁਪਰਵਾਈ?ਰਾਂ ਨੂੰ ਦਬਕੇ ਮਾਰਦੇ ਹਨ ਕੰਮ ਦੀ ਆਊਟ੍ਪੁਟ ਵਧਾਓ ਵਰਕਰ ਟੱਸ ਤੋਂ ਮੱਸ ਨਹੀਂ ਹੁੰਦੇ। ਜੇ ਕੋਈ ਸੁਪਰਵਾਈਜ਼ਰ ਕੰਮ ਕਰਨ ਨੂੰ ਕਹੇ ਉਹ ਜਾਲਮ ਕਿਹਾ ਜਾਂਦਾ ਹੈ, ਸਾਈਕਲ ਸਟੈਂਡ ਤੇ ਖੜ੍ਹੇ ਉਸ ਦੇ ਸਕੂਟਰ ਜਾਂ ਸਾਈਕਲ ਦੇ ਟਾਇਰ ਪੰਚਰ ਕਰ ਦਿੱਤੇ ਜਾਂਦੇ ਹਨ। ਕੋਈ ਪੰਚਰ ਲਾਉਣ ਵਾਲਾ ਉਥੇ ਹੈ ਨਹੀਂ। ਕੁਆਟਰ ਵਰਕਸ਼ਾਪ ਤੋਂ ਤਿੰਨ ਮੀਲ ਦੂਰੀ ਤੇ ਹੈ। ਇਸ ਲਈ ਭੁੱਖੇ ਰਹੋ, ਛੁੱਟੀ ਪਿੱਛੋਂ ਪੈਦਲ ਜਾਓ ਅਤੇ ਗੇਟ ਤੋਂ ਬਾਹਰ ਪੈਂਚਰ ਲਵਾ ਕੇ ਘਰ ਪਹੁੰਚੋ। ਜੇ ਕੋਈ ਸੁਪਰਵਾਈਜ਼ਰ ਜ਼ਰਾ ਸਪਤ ਹੋਵੇ ਤਾਂ ਹੜਤਾਲ ਕਰ ਦੇਵੋ। ?ਿੰਦਾਬਾਦ ਮੁਰਦਾਬਾਦ ਕਰੋ। ਝੱਟ ਉਪਰੋਂ ਯੂਨੀਅਨ ਦੇ ਲੀਡਰ ਜਾਂ ਨੇਤਾ ਲੋਕ ਆ ਜਾਣਗੇ। ਅਫਸਰ ਵਿਚਾਰੇ ਨੌਕਰੀ ਬਚਾਉਣ ਲਈ ਸੁਪਰਵਾਈਜ਼ਰ ਦੀ ਕੋਈ ਮਦਦ ਨਹੀਂ ਕਰ ਸਕਦੇ। ਇਸ ਲਈ ਉੱਲਟਾ ਸੁਪਰਵਾਈਜ਼ਰ ਨੂੰ ਹੀ ਜਾਂ ਮੁਆਫ਼ੀ ਮੰਗਣੀ ਪਵੇਗੀ ਜਾਂ ਫਿਰ ਚਾਰਜਸੀਟ ਲਵੋ।

1977 ਤੋਂ 1989 ਤੱਕ ਮੈਂ ਲੁਧਿਆਣੇ ਡੀਜ਼ਲ ਸ਼ੈੱਡ ਵਿਚ ਰਿਹਾ ਹਾਂ। ਸ਼ੈੱਡ ਨਵੀਂ ਖੁੱਲੀ ਸੀ। ਸੀਨੀਅਰ ਡੀ.ਐਮ.ਈ ਡਿਗਰੀ ਕਰ ਕੇ ਆਈਆਰਐਸ਼ ਰਾਹੀਂ ਸਿਲੈਕਟ ਹੋ ਕੇ ਸਿੱਧਾ ਅਫਸਰ ਬਣਿਆ ਸੀ ਜੋ ਕਿ ਇਮਾਨਦਾਰ ਅਤੇ ਸ਼ਰੀਫ ਸੀ। ਅਫਸਰਾਂ ਵਿਚ ਬਹੁ ਗਿਣਤੀ ਜਮਾਲਪੁਰੀਆਂ (ਰੇਲਵੇ ਸਕੂਲ ਜਮਾਲਪੁਰ ਤੋਂ ਪੜ੍ਹੇ) ਦੀ ਸੀ। ਇਸ ਲਈ ਉਸ ਨੂੰ ਫੇਲ੍ਹ ਕਰਨ ਲਈ ਪੂਰਾ ਅਤੇ ਸਹੀ ਸਟਾਫ ਨਾ ਦਿੱਤਾ ਗਿਆ। ਡੀਜ਼ਲ ਰੇਲ ਕਾਰ ਜਲੰਧਰ ਤੋਂ ਕੰਮ ਬੰਦ ਕਰ ਕੇ ਸਾਰਾ ਸਟਾਫ਼ ਜੋ ਨੰਬਰੀ ਸੀ, ਇਥੇ ਭੇਜ ਦਿੱਤਾ। ਇਹ ਬੜੇ ਮਾਣ ਨਾਲ ਕਹਿੰਦੇ ਸਨ ਕਿ ਅਸੀਂ ਜਲੰਧਰ ਦੀ ਰੇਲ ਕਾਰ ਬੰਦ ਕਰਾ ਕੇ ਆਏ ਹਾਂ।

ਗੁਰਦੀਪ ਸਿੰਘ ਚਾਰਜਮੈਨ ਕੋਲ ਇਕ ਕਲੀਨਰ ਯੂਪੀ ਦਾ ਕਿਸੇ ਅਫਸਰ ਦਾ ਚਹੇਤਾ ਸੀ। ਸ਼ੈੱਡ ਦੀ ਸਾਈਕਲ ਸਿਫ਼ਟ ਵਿਚ ਸਿਰਫ਼ ਅੱਧੇ ਘਟੇ ਦਾ ਬ੍ਰੇਕ ਹੁੰਦਾ ਹੈ; ਉਹ ਭੀ ਬੰਦਾ ਕਨੂੰਨ ਅਨੁਸਾਰ ਸ਼ੈਡ ਤੋਂ ਬਾਹਰ ਨਹੀਂ ਜਾ ਸਕਦਾ। ਫਿਰ ਭੀ ਇਕ ਦੂਸਰੇ ਦੇ ਮਿਲਵਰਤਣ ਨਾਲ ਵਰਕਰ ਘਰ ਤੋਂ ਖਾਣਾ ਖਾ ਕੇ ਇਕ ਘੰਟੇ ਅੰਦਰ ਕੰਮ ਤੇ ਆ ਜਾਂਦੇ ਹਨ।

ਪਰ ਸਾਡਾ ਇਹ ਪਿਆਰਾ ਵਰਕਰ ਦੋ ਘੰਟੇ ਤੋਂ ਉੱਪਰ ਸਮਾਂ ਲਗਾ ਕੇ ਆਉਂਦਾ ਸੀ। ਜਦ ਪੁਛਿਆ ਕਿ ਤੂੰ ਇੰਨੀ ਦੇਰ ਲਗਾ ਕੇ ਕਿਉਂ ਆਉਂਦਾ ਹੈਂ ? ਉੱਤਰ ਮਿਲਿਆ "ਕਿਆ ਕਰੀਂ ਸਾਹਿਬ ਘਰ ਮੇਂ ਜਾ ਕੇ ਥੋੜ੍ਹਾ ਮਾਲਿਸ਼ ਕਰਤੇ ਹੈਂ, ਫਿਰ ਇਸ਼ਨਾਨ ਕਰਤੇ ਹੈਂ, ਫਿਰ ਖਾਣਾ ਬਣਾਤੇ ਹੈਂ, ਖਾ ਕੇ ਬਰਤਨ ਸਫਾ ਕਰਤੇ ਹੈਂ। ਪੈਦਲ ਜਾਤੇ ਹੈ ਔਰ ਪੈਦਲ ਹੀ ਆਤੇ ਹੈਂ। ਤੋਂ ਸਮਾਂ ਤੋਂ ਲਗਤਾ ਹੀ ਹੈ"। ਚਾਰਜਮੈਨ ਨੇ ਮੈਨੂੰ ਲਿਖਤੀ ਰਿਪੋਰਟ ਕਰ ਦਿੱਤੀ ਅਤੇ ਮੈਂ ਉਸ ਦੀ ਜਵਾਬਤਲਬੀ ਕਰ ਲਈ।

ਸਾਡੇ ਪਿਆਰੇ ਵਰਕਰ ਨੇ ਇਕ ਚਿੱਠੀ ਪ੍ਰਧਾਨ ਮਤਰੀ ਨੂੰ, ਇਕ ਵਿਜੀਲੈਂਸ ਅਫ਼ਸਰ ਅਤੇ ਇਕ ਪੁਲਿਸ ਡੀ.ਜੀ.ਪੀ ਨੂੰ ਭੇਜ ਦਿੱਤੀ ਕਿ ਗੁਰਦੀਪ ਸਿੰਘ ਅੱਤਵਾਦੀਆਂ ਨਾਲ ਮੇਲਜੋਲ ਰੱਖਦਾ ਹੈ ਅਤੇ ਇੰਦਰਾ ਗਾਂਧੀ ਨੂੰ ਗਾਲਾਂ ਕੱਢਦਾ ਹੈ। ਉਸ ਵਿਚਾਰੇ ਦੀ ਚਾਰ ਮਹੀਨੇ ਇਨਕੁਆਰੀ ਚੱਲੀ। ਇੰਟੈਲੀਜੈਂਸ ਵਾਲੇ ਅਮ੍ਰਿਤਸਰ ਉਸ ਦੇ ਘਰ ਦੇ ਆਲੇ ਦੁਆਲੇ ਮੁਹੱਲੇ ਵਿਚ ਪੁੱਛਦੇ ਰਹੇ ਕਿ ਗੁਰਦੀਪ ਸਿੰਘ ਦੇ ਘਰ ਦਾ ਕੋਈ ਜੀਅ ਜਾਂ ਸੰਬੰਧੀ ਸਾਕਾ ਨੀਲਾ ਤਾਰਾ ਵਿਚ ਮਰ ਤਾਂ ਨਹੀਂ ਗਿਆ; ਇਹ ਗੁਰਦੁਆਰੇ ਦੀ ਕਮੇਟੀ ਦਾ ਮੈਂਬਰ ਤਾਂ ਨਹੀਂ ਅਤੇ ਹੋਰ ਪੁੱਛ ਪੜਤਾਲ ਕੀਤੀ ਜਦ ਕੁਝ ਪ੍ਰਾਪਤ ਨਾ ਹੋਇਆ ਤਾਂ ਵਿਚਾਰੇ ਦੀ ਬੰਦ ਖਲਾਸੀ ਹੋਈ। ਕਿਸੇ ਟ੍ਰੇਡ ਯੂਨੀਅਨ ਨੇ ਕਲੀਨਰ ਨੂੰ ਫਿਟਕਾਰ ਨਹੀਂ ਪਾਈ ਕਿ ਤੂੰ ਝੂਠੀ ਰਿਪੋਰਟ ਕਿਉਂ ਕੀਤੀ ਅਤੇ ਪੂਰਾ ਕੰਮ ਕਿਉਂ ਨਹੀਂ ਕਰਦਾ। ਜਿਸ ਨੇ ਕੰਮ ਨਾ ਕਰਨਾ ਹੋਵੇ ਉਹ ਯੂਨੀਅਨ ਦਾ ਲੀਡਰ ਬਣ ਜਾਵੇ। ਬਸ * ਮੌਜਾਂ ਹੀ ਮੌਜਾਂ ਹਨ। ਕਿਸੇ ਟਾਈਮ ਡਿਊਟੀ ਤੇ ਆਓ ਅਤੇ ਕਦੇ ਚਲੇ ਜਾਓ, ਕੰਮ ਕਰੋ ਨਾ ਕਰੋ ਕੋਈ ਪੁਛ ਨਹੀਂ ਸਕਦਾ। ਸ਼ਰੀਫ਼, ਡਸਿਪਲਨ ਵਾਲੇ ਅਤੇ ਈਮਾਨਦਾਰ ਅਾਸਰਾਂ ਦੇ ਦਫ਼ਤਰਾਂ ਵਿਚ, ਇਹ ਗਧੇ ਵਾੜਦੇ ਮੈਂ ਖੁਦ ਦੇਖੇ ਹਨ। ਜੇਹੜਾ ॥ਖਾਵੇ ਖਰਚੋ ਰਲ ਮਿਲ ਭਾਈ, ਅਫਸਰ ਹੋਵੇਗਾ ਉਸ ਤੋਂ ਇਹ ਬਹੁਤ ਖੁਸ਼ ਰਹਿੰਦੇ ਹਨ।

ਛੁਟ ਪੁਟ ਹੜਤਾਲਾਂ ਤਾਂ ਫੈਕਟਰੀਆਂ ਵਿਚ ਹੁੰਦੀਆਂ ਹੀ ਰਹਿੰਦੀਆਂ ਹਨ। ਇਸ ਦਾ ਕਾਰਨ ਕਦੇ ਅਫ਼ਸਰਾਂ ਦੀ ਧੱਕੇਸ਼ਾਹੀ ਅਤੇ ਕਦੇ ਵਰਕਰਾਂ ਦੀ ਗਲਤੀ ਹੁੰਦੀ ਹੈ। ਪਰ ਦੇਖਿਆ ਗਿਆ ਹੈ ਕਿ ਜਦੋਂ ਕਦੇ ਯੂਨੀਅਨ ਦੇ ਲੀਡਰ ਦਾ ਕੰਮ ਫਸ ਜਾਵੇ ਅਤੇ ਪ੍ਰਬੰਧਕ ਉਸ ਦਾ ਸਾਥ ਨਾ ਦੇਣ ਫਿਰ ਇਹ ਹੜਤਾਲ ਦੇ ਬਹਾਨੇ ਟੋਲਦੇ ਹਨ। ਉਦਾਹਰਨ ਲਈ, ਨੇਤਾ ਜੀ ਵਰਕਰ ਇਕੱਠੇ ਕਰਕੇ ਅਫਸਰ ਦਾ ਘਿਰਾਓ ਕਰਨਗੇ। ਕਾਰਨ, ਕੰਟੀਨ ਵਿਚ ਸਮੋਸਿਆਂ ਦਾ ਸਾਈਜ਼ ਛੋਟਾ ਬਣਦਾ ਹੈ, ਸਬਜ਼ੀ ਸੁਆਦ ਨਹੀਂ ਬਣਦੀ। ਅਫਸਰ ਨੇਤਾ ਜੀ ਨੂੰ ਦਫਤਰ ਵਿਚ ਬੁਲਾਏਗਾ, ਵਰਕਰ ਬਾਹਰ ਖੜ੍ਹੇ ਰਹਿਣਗੇ। ਅੰਦਰ ਚਾਹ ਆਏਗੀ ਮਠਿਆਈ ਆਵੇਗੀ, ਖੁਸ਼ਗਵਾਰ ਮਾਹੌਲ ਵਿਚ ਨੇਤਾ ਜੀ ਦੀ ਮੰਗ ਪੂਰੀ ਹੋ ਜਾਵੇਗੀ ਅਤੇ ਨੇਤਾ ਜੀ ਬਾਹਰ ਆ ਕੇ ਕਹਿਣਗੇ "ਮੈਂ ਅਦਰ ਸਾਹਿਬ ਦੀ ਐਸੀ ਤੈਸੀ ਕਰ ਕੇ ਆਇਆਂ ਸਭ ਭਾਈ ਕੰਮ ਤੇ ਜਾਵੋ ਅੱਗੇ ਤੋਂ ਸਭ ਕੁਝ ਠੀਕ ਮਿਲੇਗਾ।

1971 ਵਿਚ ਰੇਲਵੇ ਦੀ ਵੱਡੇ ਪੱਧਰ @ਤੇ ਪੂਰੇ ਦੇਸ ਵਿੱਚ ਹੜਤਾਲ ਹੋਈ। ਪ੍ਰਮੁੱਖ ਮੰਗ ਸੀ ਵਰਕਰਾਂ ਨੂੰ ਬੋਨਸ ਮਿਲਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ ਹੜਤਾਲ ਖਤਮ ਕਰਨ ਲਈ ਪੂਰੀ ਤਾਕਤ ਝੋਂਕ ਦਿੱਤੀ। ਸਾਰੀਆਂ ਯੂਨੀਅਨਾਂ ਇਕ ਸਨ। ਇਨ੍ਹਾਂ ਦਾ ਹੀਰੋ ਸਵ ਸਾਬਕਾ ਰੇਲ ਮੰਤਰੀ ਜਾਰਜ ਫਰਨਾਂਡੀਜ ਸੀ। ਹੜਤਾਲ ਲੰਬੀ ਪੈ ਕੇ ਖਤਮ ਹੋ ਗਈ। ਹੜਤਾਲੀਆ ਵਰਕਰਾਂ ਦੇ ਬਰਖਿਲਾਫ਼ ਕਨੂੰਨ ਅਨੁਸਾਰ ਐਕਸ਼ਨ ਲਿਆ ਗਿਆ। ਲਖਨਊ ਦੋ ਨੇਤੇ ਸਨ, ਪਤਾ ਲਗਾ ਕਿ ਵਰਕਰਾਂ ਨੂੰ ਹੜਤਾਲ ਵਿਚ ਝੋਂਕ ਕਿ ਆਪ ਇਹ ਰੇਲਵੇ ਡਾਕਟਰ ਦੀ ਮਿਲੀ ਭੁਗਤ ਨਾਲ ਮੈਡੀਕਲ ਸਰਟੀਫਿਕੇਟ ਰਾਹੀਂ ਬਰੀ ਹੋ ਗਏ। ਕਈ ਮਹੀਨਿਆਂ ਪਿੱਛੋਂ ਕਿਸੇ ਨੇ ਨੇਤਾ ਜੀ ਨੂੰ ਪੁੱਛਿਆ ਕਿ ਕੀ ਹਾਲ ਹੈ। ਉੱਤਰ ਮਿਲਿਆ ਸਭ ਠੀਕ ਠਾਕ ਹੈ ਏਕ ਸਟਰਾਈਕ ਕਰਵਾਈ ਤੋਂ ਏਕ ਲੜਕੀ ਕੀ ਸਾਦੀ ਕਰ ਦੀ। ਦੂਸਰੀ ਸਟਰਾਈਕ ਕਰਾ ਕੇ ਦੂਸਰੀ ਕੀ ਕਰ ਦੇਂਗੇ। ਰੇਲਵੇ ਦੀ ਹੜਤਾਲ ਵੇਲੇ ਜਾਰਜ ਫਰਨਾਂਡੀਜ਼ ਸਿਰ੍ਕੱਢ ਆਗੂ ਸੀ ਪਰ ਮੁਰਾਰਜੀ ਦੀ ਸਰਕਾਰ ਵੇਲੇ

ਆਪ ਰੇਲਵੇ ਮੰਤਰੀ ਬਣਿਆ ਤਾਂ ਵਰਕਰਾਂ ਨੂੰ ਬੋਨਸ ਦੇਣ ਤੋਂ ਮੁਕਰ ਗਿਆ। ਜਦ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣਿਆ (6 ਮਹੀਨੇ ਲਈ) ਤਾਂ ਰੇਲਵੇ ਵਰਕਰਾਂ ਨੂੰ ਬੋਨਸ ਮਿਲਿਆ।

ਇਸੇ ਸਾਲ (2013) ਕਈ ਮਹੀਨੇ ਹੋਏ ਹਰਿਆਣਾ ਦੇ ਮਾਰੂਤੀ ਕਾਰ ਦੀ ਕੰਪਨੀ ਵਰਕਰਾਂ ਨੇ ਹੜਤਾਲ ਕਰ ਦਿੱਤੀ। ਕੰਪਨੀ ਨੇ ਕਈ ਵਰਕਰ ਕਾਰਖਾਨੇ ਵਿੱਚੋਂ ਕੱਢ ਦਿੱਤੇ। ਮੈਨੇਜਰ ਨੇ ਤਾਂ ਮਾਲਕਾਂ ਦੇ ਹੁਕਮ ਅਨੁਸਾਰ ਕੰਮ ਕਰਨਾ ਹੁੰਦਾ ਹੈ। ਪਰ ਵਰਕਰਾਂ ਲਈ ਸਭ ਤੋਂ ਵੱਡਾ ਦੁਸ਼ਮਣ ਸਮਝ ਕੇ ਦਫਤਰ ਨੂੰ ਅੱਗ ਲਗਾ ਦਿੱਤੀ ਅਤੇ ਮੈਨੇਜਰ ਨੂੰ ਜਿੰਦਾ ਸਾੜ ਕੇ ਮਾਰ ਦਿੱਤਾ ਗਿਆ। ਮਿਹਨਤਕਸ਼ ਗਰੀਬ ਵਿਚਾਰੇ ਭੋਲੇ ਭਾਲੇ ਮਜ਼ਦੂਰਾਂ ਦਾ ਇਹ ਇਨਸਾਫ਼ ਹੈ। ਪਰ ਇਨ੍ਹਾਂ ਦੇ ਲੀਡਰ ਤਾਂ ਪੜ੍ਹੇ ਲਿਖੇ ਅਤੇ ਮਾਰਕਸਵਾਦੀ ਕਿਤਾਬਾਂ ਦੇ ਗਿਆਤਾ ਹੁੰਦੇ ਹਨ ਅਤੇ ਮਾਨਵਤਾ ਦੇ ਪੁਜਾਰੀ ਹੁੰਦੇ ਹਨ ਪਰ ਕਿਸੇ ਲੀਡਰ ਨੇ ਵਰਕਰਾਂ ਦਾ ਇਸ ਦੁਸ਼ਟ ਕਰਮ ਤੋਂ ਹੱਥ ਨਹੀਂ ਫੜਿਆ।

ਪੱਛਮੀ ਬੰਗਾਲ ਵਿਚ, 25 ਸਾਲ ਮਿਹਨਤਕਸ਼, ਕਿਰਤੀ ਸਮਾਜ ਦੀ ਅਲੰਬਰਦਾਰ ਪਾਰਟੀ (ਕਮਿਊਨਿਸਟ ਪਾਰਟੀ) ਦਾ ਰਾਜ ਰਿਹਾ। 25 ਸਾਲ ਦਾ ਸਮਾਂ ਕੋਈ ਥੋੜ੍ਹਾ ਨਹੀਂ ਹੁੰਦਾ ਪਰ ਆਮ ਮਨੁਖ ਦੀ ਹਾਲਤ ਤੇ ਕੋਈ ਅਸਰ ਪਿਆ ? ਜਿੰਨੀ ਚੋਰੀ, ਯਾਰੀ, ਮੱਕਾਰੀ, ਹਰਾਮਖੋਰੀ ਬਾਕੀ ਰਾਜਾਂ ਵਿਚ ਹੈ ਉੱਤਨੀ ਹੀ ਅੱਜ ਪੱਛਮੀ ਬੰਗਾਲ ਵਿਚ ਹੈ। ਸੁਸੀਲ ਮਿਹਨਤਕਸ਼ ਵਰਕਰਾਂ ਦੀ ਹਰਾਮਖੋਰੀ ਕਾਰਨ ਫੈਕਟਰੀਆਂ ਦੀ ਆਊਟਪੁਟ ਘੱਟ ਗਈ। ਮਿਲ ਮਾਲਕ ਨੂੰ ਘਾਟਾ ਪੈਣ ਲੱਗ ਗਿਆ ਅਤੇ ਫੈਕਟਰੀਆਂ ਦੂਸਰੇ ਸੂਬਿਆਂ ਵਿੱਚ ਚਲੀਆਂ ਗਈਆਂ। 14 ਮਾਰਚ 2007 ਨੂੰ ਪੱਛਮੀ ਬੰਗਾਲ ਵਿਚ ਨੰਦੀ ਗਰਾਮ ਵਿਖੇ ਆਪਣੀ ਜ਼ਮੀਨ ਦੀ ਰੱਖਿਆ ਕਰ ਰਹੇ ਕਿਸਾਨਾਂ ਉਤੇ ਜਲ੍ਹਿਆਂਵਾਲੇ ਬਾਗ਼ ਦੀ ਤਰਜ਼ ਤੇ ਗੋਲੀਆਂ ਚਲਾ ਕੇ ਤਕਰੀਬਨ ਪਦਰਾਂ ਕਿਸਾਨਾਂ ਨੂੰ ਮਾਰ ਦਿੱਤਾ ਗਿਆ ਅਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ। ਜਦ ਪਾਰਲੀਮੈਂਟ ਵਿਚ ਇਸ ਵਰਤਾਰੇ ਲਈ ਸਵਾਲ ਉੱਠੇ ਤਾਂ ਕਮਿਊਨਿਸਟ ਪਾਰਟੀ ਨੇ ਆਪਣੀ ਜੁੰਮੇਵਾਰੀ ਤੋਂ ਪੱਲਾ ਝਾੜਦਿਆਂ, ਊਟ ਪਟਾਂਗ ਜਵਾਬ ਦੇ ਦਿੱਤੇ।

ਇਹ ਕੁਝ ਛੁਟ੍ਪੁਟ ਝਾਕੀਆਂ ਹਨ ਭਗਤ ਸਿੰਘ ਦੀ ਵੀਚਾਰਧਾਰਾ ਨੂੰ ਅਪਣਾਉਣ ਵਾਲੇ ਬੰਦਿਆਂ ਦੇ ਕਿਰਦਾਰ ਦੀਆਂ। ਇਸ ਦਾ ਕੀ ਕਾਰਣ ਹੋ ਸਕਦਾ ਹੈ। ਅਸੀਂ ਕਹਾਂਗੇ ਵਰਕਰ ਕੰਮ ਕਰਦਾ ਹੈ ਦੇਸ ਪਿਆਰ ਦੇ ਜਜ਼ਬੇ ਵਿੱਚ ਆ ਕੇ, ਕਨੂੰਨ ਦੇ ਡਰ ਤੋਂ ਜਾਂ ਫਿਰ ਰੱਬੀ ਭੈ ਵਿਚ ਆ ਕੇ :

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ ॥ (ਅੰਗ 1245)

ਭਗਤ ਸਿੰਘ ਦੀ ਵੀਚਾਰਧਾਰਾ ਨੇ ਮਨੋਕਲਪਿਤ ਰੱਬ ਕਹਿ ਕੇ, ਰੱਬ ਦਾ ਭੈ ਤਾਂ ਵੈਸੇ ਹੀ ਉਤਾਰ ਦਿੱਤਾ, ਕਨੂੰਨ ਅਸੀਂ ਵੋਟਾਂ ਰਾਹੀਂ ਚੁਣੀ ਸਰਕਾਰ ਅਨੁਸਾਰ ਬਣਾਉਣਾ ਹੀ ਆਪ ਹੈ ਅਤੇ ਲੀਡਰਾਂ ਦੀ ਬੇਈਮਾਨੀ, ਰਿਸ਼ਵਤਖੋਰੀ ਅਤੇ ਲੱਛਣ ਦੇਖ ਕੇ ਕੌਣ ਦੇਸ ਨੂੰ ਪਿਆਰ ਕਰੇਗਾ। ਇਸ ਲਈ ਸਾਰੇ ਦੇਸ ਦੀ ਤਰੱਟੀ ਚੌੜ ਹੋ ਗਈ।

ਮਾਕਰਸਵਾਦੀ ਯੂਨੀਅਨ ਦੇ ਲੀਡਰਾਂ ਦਾ ਕਿਰਦਾਰ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਹੈ। ਯੂਨੀਅਨਾਂ ਦੇ ਕੇਂਦਰੀ ਦਫਤਰ ਕਿਸੇ ਵੱਡੇ ਅਫ਼ਸਰ ਦੇ ਦਫ਼ਤਰ ਤੋਂ ਘੱਟ ਨਹੀਂ। ਜਿਸ ਤਰ੍ਹਾਂ ਅਫ਼ਸਰਾਂ ਤੋਂ ਕੰਮ ਕਢਾਉਣ ਲਈ, ਵਰਕਰ ਅਫਸਰਾਂ ਦੀ ਕੋਠੀ ਪ੍ਰਾਈਵੇਟ ਕੰਮ ਕਰਦੇ ਹਨ; ਇਸੇ ਤਰਜ ਤੇ ਵਰਕਰ, ਯੂਨੀਅਨ ਲੀਡਰਾਂ ਤੋਂ ਆਪਣੀ ਮਨ ਮਰਜ਼ੀ ਦੀ ਬਦਲੀ ਕਰਾਉਣ ਲਈ ਅਤੇ ਹੋਰ ਕੰਮ ਲਈ ਇਨ੍ਹਾਂ ਦੇ ਕੰਮ ਕਰਦੇ ਹਨ। ਪਿਛਲੇ ਸਾਲ ਪ੍ਰਸਿੱਧ ਮਾਰਕਸਵਾਦੀ ਲੀਡਰ ਹਰਕ੍ਰਿਸ਼ਨ ਸਿੰਘ ਸੁਰਜੀਤ ਦੇ ਪੋਤੇ ਦੇ ਵਿਆਹ ਤੇ ਕਿੰਨਾਂ ਪਰਚਾ ਹੋਇਆ ਅਤੇ ਕਿੰਨੀ ਸ਼ਰਾਬ ਉੱਡੀ, ਅੱਖਾਂ ਚੁੰਧਿਆ ਜਾਂਦੀਆਂ ਹਨ। ਭਗਤ ਸਿੰਘ ਦੀ ਵੀਚਾਰਧਾਰਾ ਦੇ ਪਹਿਰੇਦਾਰ ਜਦ ਆਪਣੀਆਂ ਵਿਆਹ ਸ਼ਾਦੀਆਂ ਤੇ ਰਾਜੇ ਮਹਾਰਾਜਿਆਂ ਵਾਂਗ ਆਪਣੀਆਂ ਧੀਆਂ ਬਰੋਬਰ ਕੁੜੀਆਂ ਨਚਾਉਂਦੇ ਹਨ ਅਤੇ ਬੋਲੀਆਂ ਪਵਾਉਂਦੇ ਹਨ ਤਾਂ ਇਹ ਚਸਕੇ ਲੈ ਲੈ ਕੇ ਦਾਰੂ ਦੀ ਬੋਤਲ ਹੱਥ ਵਿੱਚ ਫੜਕੇ ਨੱਚਦੇ ਅਸੀਂ ਆਪ ਦੇਖੇ ਹਨ।

ਬੰਦੇ ਦੀਆਂ ਮਾਨਸਿਕ ਕਮਜ਼ੋਰੀਆਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਆਦਿ ਨੂੰ ਖਤਮ ਕਰਨ ਲਈ ਮਾਕਸਵਾਦ ਕੋਲ ਕੋਈ ਫਾਰਮੂਲਾ ਜਾਂ ਇਲਾਜ ਨਹੀਂ। ਇਸ ਲਈ ਰੂਸ ਦਿਆਂ ਹਾਕਮਾਂ ਨੂੰ ਡੰਡਾ ਵਰਤਣਾ ਪਿਆ। ਇੱਕ ਪਾਰਟੀ ਹਕੂਮਤ ਹੋਣ ਕਰਕੇ ਹਕੂਮਤ ਖਿਲਾਫ਼ ਕੋਈ ਲਿਖ ਨਹੀਂ ਸਕਦਾ, ਕੋਈ ਬੋਲ ਨਹੀਂ ਸਕਦਾ, ਕੋਈ ਮੁਜਾਹਰਾ ਨਹੀਂ ਕਰ ਸਕਦਾ। ਪਾਰਟੀ ਦਾ ਮੁਖੀ, ਪਹਿਲਾਂ ਇਹ ਦੇਸ ਹਿੱਤ ਲਈ ਕਰਦਾ ਹੈ ਫਿਰ ਡਿਕਟੇਟਰ ਬਣ ਕੇ ਦੇਸ ਵਾਸੀਆਂ ਨੂੰ ਗੁਲਾਮ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਦੇਸਵਾਸੀ ਬਾਦਸਾਹੀ ਜੁਲਾਮੀ ਤੋਂ ਬਦਲ ਕੇ ਹਾਕਮ ਪਾਰਟੀ ਦੇ ਗੁਲਾਮ ਬਣ ਗਏ। ਪਰ ਹਰ ਚੀਜ਼ ਦੀ ਇਕ ਹੱਦ ਹੁੰਦੀ ਹੈ। ਜਦ ਹੱਦ ਹੋ ਗਈ, ਰੂਸ ਦੇ ਰਾਸ਼ਟਰਪਤੀ ਮਿ ਗਾਰਬਾਚੋਵ ਵੇਲੇ ਮਾਰਕਸਵਾਦੀ ਨਿਜਾਮ ਖਤਮ ਹੋ ਗਿਆ, ਧਾਰਮਿਕ ਅਸਥਾਨ ਖੁੱਲ੍ਹ ਗਏ, ਲੈਨਿਨ ਗਾਰਦ ਦਾ ਪੁਰਾਣਾ ਨਾਉਂ "ਸੇਂਟ ਪੀਟਰਸ ਬਰਗ" ਫਿਰ ਚਾਲੂ ਹੋ ਗਿਆ ਅਤੇ ਲੈਨਿਨ ਦਾ ਬੁੱਤ ਉੱਤਾਰ ਦਿੱਤਾ ਗਿਆ। ਜਿਹੜੀ ਵੀਚਾਰਧਾਰਾ ਆਪਣੇ ਜਨਮ ਅਸਥਾਨ ਤੇ ਹੀ ਖਤਮ ਹੋ ਗਈ; ਉਹੀ ਵੀਚਾਰਧਾਰਾ ਭਗਤ ਸਿੰਘ ਦੀ ਸੋਚ ਦੇ ਸਮਰਥਕ ਸਾਡੇ ਤੇ ਠੋਸਣਾ ਚਾਹੁੰਦੇ ਹਨ। ਇਹ ਅਜੀਬ ਜਗਿਆਸਾ ਹੈ।

ਸਾਰੀ ਵਾਰਤਾ ਪੜ੍ਹ ਕੇ ਉਮੀਦ ਹੈ ਪਾਠਕ ਭਗਤ ਸਿੰਘ ਦੀ ਸੋਚ ਵਾਲੀ ਵੀਚਾਰਧਾਰਾ ਦੀ ਅਸਲੀਅਤ ਸਮਝ ਗਏ ਹੋਣਗੇ। ਮੈਂ ਇਹ ਸਾਰੀਆਂ ਘਟਨਾਵਾਂ ਅੱਖੀਂ ਦੇਖੀਆਂ ਅਤੇ ਹੱਡੀਂ ਵਰਤੀਆਂ ਲਿਖੀਆਂ ਹਨ, ਕੋਈ ਸ਼ੱਕ ਨਹੀਂ ਕਰ ਸਕਦਾ।

ਕਨਵਰ ਅਜੀਤ ਸਿੰਘ

# ਕਵਿਤਾ : ਲਾਲ ਕੱਟੇ




ਲਾਲ ਲਾਲ ਕੱਟੇ
ਰੂਸੀ ਮੱਝਾ ਦੇ ਜਾਏ
ਜਦ ਡ਼ਿਗਦੇ
ਖ਼ੁਦ ਨੂੰ ਕਵੀ ਸਮਝਦੇ

ਡ਼ਿੰਗੜ ਨੌਜਵਾਨ ਸਭਾ ਬਲਾਉਦੇ
ਡ਼ਿੰਗੜ ਡ਼ਿੰਗੜ ਮੁਕਾਬਲੇ ਕਰਵਾਉਦੇ
ਵਧੀਆ ਵਧੀਆ ਕਵਿਤਾ ਕਹਿ ਕਹਿ ਸਲਾਉਹਦੇ

ਬਹੁਤਾ ਰਿੰਗੜ ਵਾਲੇ
ਵਧੀਆ ਲੇਖਕ ਕਹਾਉਦੇ
ਪਾਤਰ ਦੇਖੋ ਪਾਸ ਦੇਖੋ
ਗੱਗ ਅਮਿਤੋਜ ਦੇਖੋ
ਡ਼ਿੰਗੜ ਚ ਫਸਟ ਆਉਦੇ

ਹੁਣ ਡ਼ਿੰਗੜ ਰਿੰਗੜ ਸਾਰੇ ਪਾਸੇ ਆਈ
ਸਕੂਲ ਕਾਲਜਾ ਚ ਡ਼ਿੰਗੜ ਕਵਿਤਾ ਛਾਈ

ਅਗਿਆਨ ਪਸਾਰੇ ਖੁਰ
ਗਿਆਨ ਰਤਨ ਗੁਪਤ ਹੋਇਆ
ਡ਼ਿੰਗੜ ਪ੍ਰਧਾਨ
ਡ਼ਿੰਗੜ ਕਵੀ
ਡ਼ਿੰਗੜ ਸਨਮਾਨ
ਲੱਗੇ ਸ਼ੇਰਾ ਨੂੰ ਸਮਝਾਣ

ਡ਼ਿੰਗੋ ਡ਼ਿਗੋ ਸ਼ੇਰੋ
ਸਨਮਾਨ ਪਾਉ
ਇਨਾਮ ਪਾਓ
ਡ਼ਿੰਗਣਾ ਹੀ ਜਿਦਗੀ ਹੈ
ਡ਼ਿੰਗੀ ਜਾਉ ਡ਼ਿੰਗੀ ਜਾਉ

ਪਾਤਰ ਬਣੋ
ਪਾਸ ਬਣੋ

ਗੱਗ ਬਣੋ

ਡ਼ਿੰਗੋ ਡ਼ਿਗੋ  ਸ਼ੇਰੋ
ਡ਼ਿੰਗਣਾ ਹੀ ਜਿਦਗੀ ਹੈ
ਡ਼ਿੰਗੀ ਜਾਉ ਡ਼ਿੰਗੀ ਜਾਉ

ਸ਼ੇਰ ਬੱਚਿਆ ਚ
ਡ਼ਿੰਗੜ ਦੀ ਹੋੜ ਆਈ

ਡ਼ਿੰਗਿਆ ਜਾਵੇ ਨਾ
ਗਰਜਨਾ ਆਵੇ ਨਾ
ਵੇਹ ਦੁਰਦਸਾ ਏਹਨਾ ਪਾਈ

ਫਿਰ ਵੀ ਸਾਬਾਸ ਦੇਦੇ
ਲਾਲ ਕੱਟੇ

ਡ਼ਿੰਗੋ ਡ਼ਿਗੋ  ਸ਼ੇਰੋ
ਡ਼ਿੰਗਣਾ ਹੀ ਜਿਦਗੀ ਹੈ
ਡ਼ਿੰਗੀ ਜਾਉ ਡ਼ਿੰਗੀ ਜਾਉ

